
ਯਾਦ ਆਏ ਨਨਕਾਣਾ

ਹਰਭਜਨ ਸਿੰਘ ਭੱਜੀ

# ਯਾਦ ਆਏ ਨਨਕਾਣਾ



ਹਰਭਜਨ ਸਿੰਘ ਭੱਜੀ

# ਯਾਦ ਆਵੇ ਨਨਕਾਣਾ

# ਯਾਦ ਆਵੇ ਨਨਕਾਣਾ

ਹਰਭਜਨ ਸਿੰਘ ਭੱਜੀ

ਪ੍ਰਕਾਸ਼ਕ
ਸਿੱਖ ਨੈਸ਼ਨਲ ਐਜੂਕੇਸ਼ਨਲ ਐਂਡ ਕਲਚਰਲ ਔਰਗੇਨਾਈਜ਼ੇਸ਼ਨ
7720-ਲੌਰੇਨ ਐਵੇਨਿਊ, 107 ਸਟਾਕਟਨ ਕੈਲੇਫੋਰਨੀਆ 95207

YAD AAVE NANKANA *(Poems in Punjabi)*
*by*
DR. HARBHAJAN SINGH BHAJI
5345 N Elderado # 3
Stockton CA 95207
(209) 478-4041
Fax (209) 478-4084

2000
ਕਾਪੀਆਂ : 500
ਮੁੱਲ : 200/- ਰੁਪਏ

ਲੇਜ਼ਰ ਟਾਈਪ-ਸੈਟਿੰਗ : ਯੈਸਮੈਨ ਗਰਾਫ਼ਿਕਸ, ਪਟਿਆਲਾ

Published by Sikh National Educational and Cultural Organisation, 7720, Lorraine Avenue, # 107, Stockton CA 95207 and Printed at Ram Printograph, New Delhi

## ਸਮਰਪਣ

ਇਹ ਗੀਤ ਨਾਮ ਉਸ ਧਰਤੀ ਦੇ
ਜਿਸ ਛੋਹ ਨਾਨਕ ਦੀ ਮਾਣੀ ਹੈ।
ਜਿਸ ਦੇ ਨੀਲੇ ਅੰਬਰ ਉੱਤੇ
ਹਾਲੇ ਗੂੰਜਦੀ ਉਹਦੀ ਬਾਣੀ ਹੈ।

ਤੂੰ ਇਕ ਅਰਸ਼ੀ ਸ਼ਾਇਰ ਸੀ ਬਾਬਾ
ਮੈਂ ਹਾਂ ਧਰਤੀ ਦਾ ਇਕ ਕੀੜਾ।
ਤੇਰੀ ਮੇਹਰ ਸਦਕੇ ਅੱਜ ਪੂਰਾ ਹੋਇਆ
ਕਈ ਵਰ੍ਹੇ ਪਹਿਲਾਂ ਜੋ ਮੈਂ ਚੁੱਕਿਆ ਬੀੜਾ।

■ ■ ■ ■ ■

## ਦੋ ਲਫ਼ਜ਼

ਉਸ ਗੁਰੂ ਮਹਾਰਾਜ ਦੀ ਅਪਾਰ ਕਿਰਪਾ ਦੇ ਸਦਕੇ ਮੈਂ ਇਹ ਕਿਤਾਬ ਤੁਹਾਡੇ ਹੱਥਾਂ ਤਕ ਪਹੁੰਚਾ ਸਕਿਆ ਹਾਂ। ਐਨੀ ਵੱਡੀ ਹਸਤੀ ਬਾਰੇ ਮੇਰੇ ਵਰਗਾ ਅਦਨਾ ਲਿਖਾਰੀ ਲਿਖ ਵੀ ਕੀ ਸਕਦਾ ਹੈ? ਪਰ ਫੇਰ ਵੀ ਜੋ ਮੇਰੇ ਜਜ਼ਬਾਤ ਬਾਬਾ ਨਾਨਕ ਅਤੇ ਉਹਦੇ ਜਨਮ ਸਥਾਨ ਪ੍ਰਤਿ ਹਨ, ਉਹ ਇਨ੍ਹਾਂ ਕਵਿਤਾਵਾਂ ਵਿਚ ਪ੍ਰਗਟ ਕੀਤੇ ਹਨ। ਕਈ ਵਾਰ ਜੋ ਗੱਲ ਤੁਹਾਡੇ ਦਿਲ ਵਿਚ ਹੋਵੇ ਤੁਸੀਂ ਲਫ਼ਜ਼ਾਂ ਦਾ ਸਹਾਰਾ ਲੈ ਕੇ ਵੀ ਪੂਰੀ ਤਰ੍ਹਾਂ ਕਹਿ ਨਹੀਂ ਸਕਦੇ। ਇਹ ਹੀ ਗੱਲ ਮੇਰੀ ਹੈ। ਜੋ ਸ਼ਰਧਾ ਗੁਰੂ ਸਾਹਿਬਾਨ ਪ੍ਰਤਿ ਮੇਰੇ ਦਿਲ ਵਿਚ ਹੈ ਉਹ ਜਾਂ ਮੈਂ ਜਾਣਦਾ ਹਾਂ ਜਾਂ ਗੁਰੂ ਮਹਾਰਾਜ ਖੁਦ।

ਇਹ ਸਭ ਕਵਿਤਾਵਾਂ ਜ਼ਿਆਦਾਤਰ ਬਾਬੇ ਨਾਨਕ ਜੀ ਦੇ ਗੁਰਪਰਬਾਂ ਉੱਤੇ ਹੀ ਲਿਖੀਆਂ ਗਈਆਂ ਹਨ। ਅੱਜ ਤੋਂ ਕੁਛ ਸਾਲ ਪਹਿਲਾਂ ਨਨਕਾਣਾ ਸਾਹਿਬ ਦੇ ਗੁਰਦਵਾਰਿਆਂ ਬਾਰੇ ਇਕ ਰਿਪੋਰਟ ਇਕ ਮੈਗਜ਼ੀਨ ਵਿਚ ਪੜ੍ਹੀ ਸੀ। ਸ਼ਾਇਦ ਉਹ ਪ੍ਰੋਫ਼ੈਸਰ ਊਦੈ ਸਿੰਘ ਦੀ ਲਿਖੀ ਹੋਈ ਸੀ। ਇਸ ਰਿਪੋਰਟ ਨੇ ਦਿਲ ਤੇ ਕੁਛ ਅਜੀਬ ਜਿਹਾ ਅਸਰ ਕੀਤਾ। ਉਸ ਤੋਂ ਕੁਛ ਚਿਰ ਬਾਦ ਹੀ ਬਾਬਾ ਨਾਨਕ ਦੇਵ ਜੀ ਦਾ ਗੁਰਪਰਬ ਸੀ। ਉਹ ਰਾਤ ਬੜੀ ਸਾਫ਼ ਸੀ, ਜਦੋਂ ਚੰਦ ਚੜ੍ਹਿਆ ਤਾਂ ਮੈਨੂੰ ਇੰਜ ਲੱਗਾ ਕਿ ਇਹੀ

ਚੰਦ ਹੁਣੇ-ਹੁਣੇ ਨਨਕਾਣਾ ਸਾਹਿਬ ਤੇ ਚਮਕ ਕੇ ਆਇਆ ਹੈ। ਅੱਜ ਤੋਂ ਕਈ ਸੋ ਵਰ੍ਹੇ ਪਹਿਲਾਂ ਵੀ ਇਸ ਚੰਦ ਨੇ ਬਾਬੇ ਦਾ ਜਨਮ ਤੇ ਸਾਰੀ ਜ਼ਿੰਦਗੀ ਤੱਕੀ ਹੋਵੇਗੀ। ਬਸ ਮੇਰੇ ਖਿਆਲ 'ਚੰਦ ਦਾ ਸੁਨੇਹਾ' ਨਾਮ ਦੀ ਕਵਿਤਾ ਵਿਚ ਬਹਿ ਤੁਰੇ। 'ਸਾਕਾ ਨਨਕਾਣਾ ਸਾਹਿਬ' ਇਕ ਇਤਿਹਾਸਕ ਤੱਥ ਹੈ ਜਿਸ ਨੂੰ ਮੈਂ ਕਵਿਤਾ ਦੇ ਰੂਪ ਵਿਚ ਪੇਸ਼ ਕੀਤਾ ਹੈ। ਇੰਜ ਹੀ ਭਾਈ ਵੀਰ ਸਿੰਘ ਜੀ ਦਾ 'ਗੁਰੂ ਨਾਨਕ ਚਮਤਕਾਰ' ਪੜ੍ਹਦੇ-ਪੜ੍ਹਦੇ 'ਅਰਸ਼ੀ ਮਿਲਾਪ' ਲਿਖਣ ਦੀ ਪ੍ਰੇਰਨਾ ਮਿਲੀ। ਪਿਛਲੇ ਸਾਲ ਇਕ ਲੇਖ 'ਵੇਈਂ' ਦੀ ਬੁਰੀ ਹਾਲਤ ਤੇ ਪੜ੍ਹਿਆ। ਦੁਖ ਲੱਗਾ ਕਿ ਸਾਡੇ ਸਿੱਖ ਆਗੂਆਂ ਨੂੰ ਗੁਰਦਵਾਰਿਆਂ ਤੋਂ ਕਰੋੜਾਂ ਦੀ ਆਮਦਨ ਹੈ ਤੇ ਉਹਦਾ ਇਕੋ ਇਕ ਮਕਸਦ ਹੈ ਗੁਰਦਵਾਰਿਆਂ ਦੀ ਸੰਭਾਲ ਤੇ ਦੇਖ-ਰੇਖ। ਫੇਰ ਐਨੀ ਅਣਗਹਿਲੀ ਕਿਉਂ? ਸ਼ਾਇਦ ਇਨ੍ਹਾਂ ਆਗੂਆਂ ਨੂੰ ਆਪਣੀਆਂ ਕੁਰਸੀਆਂ ਦੀ ਲੜਾਈ ਤੋਂ ਵਿਹਲ ਨਹੀਂ। ਇਹ ਹੀ ਕੌਮ ਦੀ ਬਦਕਿਸਮਤੀ ਹੈ। ਜੋ ਇਸ ਲੇਖ ਦਾ ਅਸਰ ਮੇਰੇ ਤੇ ਹੋਇਆ ਉਹ ਮੈਂ 'ਵੇਈਂ' ਦੇ ਵਿਚ ਪ੍ਰਗਟ ਕਰ ਦਿੱਤਾ।

ਇਕ ਸੱਜਣ ਨੇ ਮੈਨੂੰ ਖਾਸ ਨਨਕਾਣਾ ਸਾਹਿਬ ਤੇ ਗੀਤ ਲਿਖਣ ਨੂੰ ਕਿਹਾ ਸੀ। ਉਹ ਕਹਿ ਰਿਹਾ ਸੀ ਕਿ "ਮੈਂ ਫਿਲਮ ਬਣੋਨੀ ਹੈ"। ਖੈਰ ਫਿਲਮ ਤਾਂ ਨਹੀਂ ਬਣੀ ਪਰ ਉਹਦੀ ਪਰੇਰਨਾ ਦੇ ਸਦਕੇ ਮੈਂ 'ਯਾਦ ਆਵੇ ਨਨਕਾਣਾ' ਲਿਖਿਆ ਜੋ ਸੈਕਰਮੈਂਟੋ (Sacremento) ਭਾਈ ਮਨਜੀਤ ਸਿੰਘ ਤੇ ਭਾਈ ਅਮਰਜੀਤ ਸਿੰਘ ਜੀ ਹੁਰਾਂ ਨੇ ਰਿਕਾਰਡ ਕਰਵਾਇਆ ਹੈ ਤੇ ਲੋਕਾਂ ਨੇ ਬਹੁਤ ਪਸੰਦ ਕੀਤਾ ਹੈ।

ਇਸ ਵਿਚ ਜੋ ਭੀ ਚੰਗਾ ਲੱਗੇ ਉਹ ਗੁਰੂ ਮਹਾਰਾਜ ਨੇ ਆਪ ਲਿਖਵਾਇਆ ਹੈ ਮੈਂ ਤਾਂ ਸਿਰਫ਼ ਕਲਮਚੀ ਹਾਂ। ਜੋ ਤੁਹਾਨੂੰ ਮਾੜਾ ਲੱਗੇ ਉਹ ਮੇਰਾ ਹੈ। ਤੁਹਾਡੇ ਸੁਝਾਅ ਸਿਰ ਮੱਥੇ। ਉਮੀਦ ਹੈ ਤੁਸੀਂ ਪਸੰਦ ਕਰੋਗੇ।

5354 N Eldorado # 3
Stockton CA 95207
(209) 478-4041

ਤੁਹਾਡਾ
*ਹਰਭਜਨ ਸਿੰਘ ਭੱਜੀ*

## ਤਤਕਰਾ

1. ਚਿੱਟੀ ਲੋਈ ........ 1
2. ਨਾਨਕ ਆਇਆ ........ 6
3. ਸਜਦਾ ........ 12
4. ਜਨਮ ........ 14
5. ਮਾਝੀ ........ 15
6. ਨਾਨਕੀ ਦਾ ਵੀਰ ........ 17
7. ੧ਓ ........ 18
8. ਸੱਚਾ ਸੌਦਾ ........ 19
9. ਸੱਪ ........ 21
10. ਜਨੇਊ ........ 22
11. ਅਲਬੇਲਾ ਰਾਹੀ ........ 24
12. ਆਰਤੀ ........ 27
13. ਮੱਕਾ ........ 29
14. ਭਾਗੋ ........ 31
15. ਲਾਲੋ ਨੂੰ ਸੁਨੇਹਾ ........ 33
16. ਨਿੱਘ ........ 35

17. ਕੀਮਤੀ ਹੀਰਾ .......... 37
18. ਕੋੜਾ .......... 39
19. ਨੂਰ .......... 41
20. ਫਨੀਅਰ .......... 45
21. ਰਬਾਬ .......... 46
22. ਫਰਮਾਨ .......... 48
23. ਸ਼ਾਇਰ .......... 50
24. ਅਰਸ਼ੀ ਮਿਲਾਪ .......... 55
25. ਤੇਰੀ ਵੇਈਂ .......... 70
26. ਰੱਬ ਬਾਬਾ .......... 77
27. ਅਗਨ ਦੇਸ਼ .......... 79
28. ਸਾਕਾ ਨਨਕਾਣਾ ਸਾਹਿਬ .......... 81
29. ਚੰਦ ਦਾ ਸੁਨੇਹਾ .......... 103
30. ਯਾਦ ਆਵੇ ਨਨਕਾਣਾ .......... 123
31. ਨਾਨਕ ਨਾਮ ਚੜ੍ਹਦੀ ਕਲਾ .......... 139

# ਚਿੱਟੀ ਲੋਈ

1

ਧਰਤੀ ਹਾਲੇ
ਪਈ ਸੀ ਸੁੱਤੀ
ਲੈਕੇ ਧੁੰਧ ਦੀ ਚਿੱਟੀ ਲੋਈ।
ਚੰਦ ਬੈਠਾ ਸੀ
ਬੱਦਲਾਂ ਪਿੱਛੇ
ਆਪਣਾ ਸੋਹਣਾ ਮੂੰਹ ਲਕੋਈ।

ਤਾਰੇ ਡਰਦੇ ਸੀ
ਚਮਕਣ ਤੋਂ
ਖੇਲ੍ਹ ਰਹੇ ਸੀ ਲੁਕਣ-ਮਿਚੋਈ।
ਸੂਰਜ ਨੂੰ ਵੀ
ਗਰਿਹਣ ਸੀ ਲੱਗਾ
ਉਹਦੀ ਵੀ ਦੁਰਗਤ ਸੀ ਹੋਈ।

"ਰਾਜੇ ਸੀਹ

ਮੁਕਦਮ ਕੁੱਤੇ"
ਜਾਂਦੇ ਸੀ ਪਰਜਾ ਦਾ ਲਹੂ ਚੋਈ।
ਭੌਰੇ ਤਿੱਤਲੀਆਂ
ਸਭ ਲੁਕੇ ਸੀ ਬੈਠੇ
ਫੁੱਲਾਂ ਵਿਚ ਨਹੀਂ ਸੀ ਖੁਸ਼ਬੋਈ।
ਹਰ ਪਾਸੇ
ਹਾਹਾਕਾਰ ਮੱਚੀ ਸੀ
ਪਰ ਚੂੰ ਨਹੀਂ ਸੀ ਕਰਦੀ
ਚਿੜੀ ਵੀ ਕੋਈ।

**2**

ਧਰਤੀ ਉੱਤੇ
ਭਾਰ ਸੀ ਐਨਾ
ਇੰਜ ਲੱਗੇ
ਕਿ ਹੁਣੇ ਇਹ ਮੋਈ।
ਤੱਕ ਕੇ ਆਪਣੀ
ਮਾੜੀ ਹਾਲਤ
ਧਰਤੀ ਜਾ ਰੱਬ ਅੱਗੇ ਰੋਈ।
"ਭੇਜ ਕੋਈ ਰਾਖਾ
ਮੇਰਿਆ ਸਾਈਆਂ"
ਹੱਥ ਜੋੜ ਉਸ ਕੀਤੀ ਅਰਜੋਈ।

ਸੁਣਕੇ ਫਰਿਆਦ
ਧਰਤੀ ਦੀ ਰੱਬ ਕਿਹਾ
"ਕੋਈ ਤੇਰਾ ਭਾਰ ਉਤਾਰਣ ਆਵੇਗਾ।
ਉਹ ਵੰਡੇਗਾ ਖੁਸ਼ੀਆਂ
ਉੱਥੇ ਆਵਣਗੇ ਖੇੜੇ
ਉਹ ਜਿਧਰ ਵੀ ਜਾਵੇਗਾ।
ਅੱਜ ਦੇ ਮਗਰੋਂ



ਉਹਦੇ ਹੁੰਦਿਆਂ
ਕੋਈ ਵਾੜ ਖੇਤ ਨਹੀਂ ਖਾਵੇਗਾ।
ਰਾਜੇ ਹੋਣਗੇ
ਉੱਥੇ ਧਰਮੀ
ਹਰ ਇਕ ਇਨਸਾਫ ਨੂੰ ਪਾਵੇਗਾ।

ਜਿਸ ਦਿਨ
ਉਸ ਤੇਰੇ ਉੱਤੇ ਆ ਕੇ
ਉਚਾਰੀ ਇਲਾਹੀ ਬਾਣੀ।
ਉਸ ਦਿਨ ਤੇਰੀ
ਮੇਰੀਏ ਧੀਏ
ਭਟਕਣ ਹੈ ਮੁਕ ਜਾਣੀ।"

ਸਿਰ ਝੁਕਾ
ਮੰਨ ਹੁਕਮ ਰੱਬ ਦਾ
ਲਗੀ ਧਰਤੀ ਦਿਨ ਉਹ ਉਡੀਕਣ।
ਇਸੇ ਉਡੀਕ ਵਿਚ
ਲੰਘ ਗਿਆ ਉਹਦਾ
ਕੁਝ ਸਮਾਂ ਬਸ ਈਕਣ।

**3**

ਇਕ ਦਿਨ
ਕੱਤੇ ਦੀ ਪੁੰਨਿਆਂ ਨੂੰ
ਚੰਨ ਚੜ੍ਹਕੇ ਮੁਸਕਾਇਆ।
ਮੂੰਹ ਤੋਂ ਲਾਹ
ਉਸ ਘੁੰਡ ਬੱਦਲਾਂ ਦਾ
ਸੋਹਣਾ ਮੂੰਹ ਦਿਖਾਇਆ।
ਧਰਤੀ ਲੈ
ਅੰਗੜਾਈ ਉੱਠੀ

ਸੌਰ ਗਈ ਸੀ ਉਹਦੀ ਕਾਇਆ।

ਚਿੱਟੀ ਧੁੰਧ ਦੀ
ਲੋਈ ਓਸ ਨੇ
ਪਰ੍ਹਾਂ ਵਗਾਹ ਕੇ ਸੁੱਟੀ
ਗਰਿਹਣ ਸੂਰਜ ਦਾ
ਖ਼ਤਮ ਹੋ ਗਿਆ
ਪਹਿਲੀ ਕਿਰਨ ਜਦ ਲੋ ਦੀ ਫੁੱਟੀ।

ਝਿਲਮਿਲ ਝਿਲਮਿਲ ਰਾਤੀਂ ਨਿਕਲੇ
ਨੀਲੇ ਅੰਬਰੀਂ ਤਾਰੇ।
ਇੰਜ ਲੱਗੇ
ਰਾਤ ਕੁੜੀ ਮਜਾਜਣ
ਲੈ ਕੱਢਵੀਂ ਚੁੰਨੀ ਮੂੰਹ ਸੰਵਾਰੇ।
ਡਰ ਨਹੀਂ ਸੀ
ਕਿਸੇ ਨੂੰ ਕੋਈ
ਨਿਰਭਉ ਹੋ ਗਏ ਲੋਕੀ ਸਾਰੇ।

ਫੁੱਲਾਂ ਨੇ ਵੰਡੀ ਖੁਸ਼ਬੋਈ
ਤਿੱਤਲੀਆਂ ਭੌਰੇ ਰੱਜ ਮੰਡਰਾਏ।
ਭੁੱਲ ਗਏ ਲੋਕੀ
ਦੁੱਖ ਸਭ ਆਪਣੇ
ਹਰ ਕੋਈ ਗੀਤ ਖੁਸ਼ੀ ਦੇ ਗਾਏ।

ਵਹਿ ਤੁਰੇ ਝਰਨੇ
ਨਦੀਆਂ ਨੱਚੀਆਂ
ਮੱਛੀਆਂ ਨੇ ਵੀ ਗਿੱਧਾ ਪਾਇਆ।
'ਭੱਜੀ' ਕੱਠੀਆਂ ਹੋ ਕੇ



ਚਿੜੀਆਂ ਉੱਡੀਆਂ
ਚੜ੍ਹ ਅੰਬਰੀਂ ਉਨ੍ਹਾਂ ਰੌਲਾ ਪਾਇਆ।
"ਆਓ ਨੀ
ਨਨਕਾਣੇ
ਉੱਥੇ ਅੱਜ ਨਾਨਕ ਹੈ ਆਇਆ।"

## ਨਾਨਕ ਆਇਆ

1

ਸਹੀਓ ਨੀਂ ਰਲ ਖ਼ੁਸ਼ੀ ਮਨਾਓ
ਕੋਈ ਅੱਜ ਨਨਕਾਣੇ ਆਇਆ ॥
ਕਲੀਓ ਨੀਂ ਤੁਸੀਂ ਰੱਜ ਮੁਸਕਾਓ
ਕਾਲੂ ਦੇ ਘਰ ਕੋਈ ਜਾਇਆ ॥

ਚੰਦ ਭਾਵੇਂ ਹੈ ਨਿੱਤ ਹੀ ਚੜ੍ਹਦਾ
ਇਹ ਅਨੋਖਾ ਚੰਦ ਹੈ ਚੜ੍ਹਿਆ ॥
ਕੱਤਕ ਦੀ ਪੂੰਨਿਆ ਨੂੰ ਲੋਕੋ
ਜੋ ਤ੍ਰਿਪਤਾ ਦੇ ਵੇਹੜੇ ਵੜਿਆ ॥

ਭੈਣ ਨਾਨਕੀ ਗੁੜ ਪਈ ਵੰਡੇ
ਭਾਗਾਂ ਵਾਲੀ ਆਵੇਗੀ ਲੋਹੜੀ ॥
ਉਹ ਭੀ ਹੁਣ ਫੜੇਗੀ ਵਾਗਾਂ
ਵੀਰ ਉਹਦਾ ਜਦ ਚੜ੍ਹਿਆ ਘੋੜੀ ॥



ਧਰਤੀ ਮਾਂ ਨੇ ਖ਼ੁਸ਼ੀ ਮਨਾਈ
ਕੋਈ ਉਹਦਾ ਭਾਰ ਉਤਾਰਨ ਆਇਆ ॥
ਖ਼ੁਸ਼ ਜਾਪਦੀ ਸਭ ਲੋਕਾਈ
ਕੋਈ ਉਹਨੂੰ ਪਾਰ ਉਤਾਰਨ ਆਇਆ ॥

ਸੂਰਜ ਸੱਚ ਦਾ ਉਸ ਦਿਨ ਚੜ੍ਹਿਆ
ਚਾਰੇ ਪਾਸੇ ਚਾਨਣ ਹੋਇਆ ॥
ਨਵਾਂ ਹੀ ਉਸ ਨੂੰ ਜੀਵਨ ਮਿਲਿਆ
ਜਿਸ ਜਿਸ ਨੂੰ 'ਉਸ' ਚਾਨਣ ਛੋਹਿਆ ॥

ਸਾਰੇ ਮਹਿਕ ਚੰਪਾ ਨੇ ਵੰਡੀ
ਮੋਰ ਵੀ ਮੁੜ ਮੁੜ ਪੈਲਾਂ ਪਾਵਣ ॥
ਚਿੜੀਆਂ ਨੇ ਰਲ ਚੀਂ ਚੀਂ ਲਾਈ
ਬੁਲਬੁਲਾਂ ਪਈਆਂ ਰੱਜ ਰੱਜ ਗਾਵਣ ॥
ਬਾਗਾਂ ਦੇ ਵਿਚ ਫੁੱਲ ਮੁਸਕਾਏ
ਤਿੱਤਲੀਆਂ ਨਵੇਂ ਹੀ ਨਾਚ ਦਿਖਾਵਣ ॥

ਬੱਦਲ ਅੱਡੀਆਂ ਚੁੱਕ ਚੁੱਕ ਤੱਕਣ
ਚੰਦ ਸੂਰਜ ਨੇ ਝਾਤਾਂ ਪਾਈਆਂ ॥
ਤਾਰੇ ਵੀ ਸਾਰੀ ਰਾਤ ਨਾ ਸੁੱਤੇ
ਉਹਨਾਂ ਉਹਦੀਆਂ ਬਾਤਾਂ ਪਾਈਆਂ ॥
ਪੰਜ ਦਰਿਆ ਹੁਣ ਹੁੱਬ ਕੇ ਦੌੜੇ
ਰੱਜ ਰੱਜ ਉਹਨਾਂ ਖ਼ੁਸ਼ੀਆਂ ਮੰਨਾਈਆਂ ॥

2

ਰਾਵੀ ਖ਼ੁਸ਼ੀ ਨਾਲ ਪਾਗਲ ਹੋਈ
ਉਸਨੇ ਉਹਦੇ ਕੰਢੇ ਔਣਾ ॥
ਸੁੰਨਮਸਾਨ ਉਸ ਧਰਤੀ ਉਤੇ
ਉਹਨੇ ਆ ਕੇ ਸਹਿਰ ਬਸਾਉਣਾ ॥

## ਨਾਨਕ ਆਇਆ

1

ਸਹੀਓ ਨੀਂ ਰਲ ਖ਼ੁਸ਼ੀ ਮਨਾਓ
ਕੋਈ ਅੱਜ ਨਨਕਾਣੇ ਆਇਆ ॥
ਕਲੀਓ ਨੀਂ ਤੁਸੀਂ ਰੱਜ ਮੁਸਕਾਓ
ਕਾਲੂ ਦੇ ਘਰ ਕੋਈ ਜਾਇਆ ॥

ਚੰਦ ਭਾਵੇਂ ਹੈ ਨਿੱਤ ਹੀ ਚੜ੍ਹਦਾ
ਇਹ ਅਨੋਖਾ ਚੰਦ ਹੈ ਚੜ੍ਹਿਆ ॥
ਕੱਤਕ ਦੀ ਪੁੰਨਿਆ ਨੂੰ ਲੋਕੋ
ਜੋ ਤ੍ਰਿਪਤਾ ਦੇ ਵੇਹੜੇ ਵੜਿਆ ॥

ਭੈਣ ਨਾਨਕੀ ਗੁੜ ਪਈ ਵੰਡੇ
ਭਾਗਾਂ ਵਾਲੀ ਆਵੇਗੀ ਲੋਹੜੀ ॥
ਉਹ ਭੀ ਹੁਣ ਫੜੇਗੀ ਵਾਗਾਂ
ਵੀਰ ਉਹਦਾ ਜਦ ਚੜ੍ਹਿਆ ਘੋੜੀ ॥



ਧਰਤੀ ਮਾਂ ਨੇ ਖ਼ੁਸ਼ੀ ਮਨਾਈ
ਕੋਈ ਉਹਦਾ ਭਾਰ ਉਤਾਰਨ ਆਇਆ ॥
ਖੁਸ਼ ਜਾਪਦੀ ਸਭ ਲੋਕਾਈ
ਕੋਈ ਉਹਨੂੰ ਪਾਰ ਉਤਾਰਨ ਆਇਆ ॥

ਸੂਰਜ ਸੱਚ ਦਾ ਉਸ ਦਿਨ ਚੜ੍ਹਿਆ
ਚਾਰੇ ਪਾਸੇ ਚਾਨਣ ਹੋਇਆ ॥
ਨਵਾਂ ਹੀ ਉਸ ਨੂੰ ਜੀਵਨ ਮਿਲਿਆ
ਜਿਸ ਜਿਸ ਨੂੰ 'ਉਸ' ਚਾਨਣ ਛੋਹਿਆ ॥

ਸਾਰੇ ਮਹਿਕ ਚੰਪਾ ਨੇ ਵੰਡੀ
ਮੋਰ ਵੀ ਮੁੜ ਮੁੜ ਪੈਲਾਂ ਪਾਵਣ ॥
ਚਿੜੀਆਂ ਨੇ ਰਲ ਚੀਂ ਚੀਂ ਲਾਈ
ਬੁਲਬੁਲਾਂ ਪਈਆਂ ਰੱਜ ਰੱਜ ਗਾਵਣ ॥
ਬਾਗਾਂ ਦੇ ਵਿਚ ਫੁੱਲ ਮੁਸਕਾਏ
ਤਿੱਤਲੀਆਂ ਨਵੇਂ ਹੀ ਨਾਚ ਦਿਖਾਵਣ ॥

ਬੱਦਲ ਅੱਡੀਆਂ ਚੁੱਕ ਚੁੱਕ ਤੱਕਣ
ਚੰਦ ਸੂਰਜ ਨੇ ਝਾਤਾਂ ਪਾਈਆਂ ॥
ਤਾਰੇ ਵੀ ਸਾਰੀ ਰਾਤ ਨਾ ਸੁੱਤੇ
ਉਹਨਾਂ ਉਹਦੀਆਂ ਬਾਤਾਂ ਪਾਈਆਂ ॥
ਪੰਜ ਦਰਿਆ ਹੁਣ ਹੁੱਬ ਕੇ ਦੌੜੇ
ਰੱਜ ਰੱਜ ਉਹਨਾਂ ਖ਼ੁਸ਼ੀਆਂ ਮੰਨਾਈਆਂ ॥

2

ਰਾਵੀ ਖ਼ੁਸ਼ੀ ਨਾਲ ਪਾਗਲ ਹੋਈ
ਉਸਨੇ ਉਹਦੇ ਕੰਢੇ ਔਣਾ ॥
ਸੁੰਨਮਸਾਨ ਉਸ ਧਰਤੀ ਉਤੇ
ਉਹਨੇ ਆ ਕੇ ਸਹਿਰ ਬਸਾਉਣਾ ॥

ਜੰਗਲੀ ਹਿਰਨ ਭਰਨ ਪਏ ਚੁੰਗੀਆਂ
ਉਹਨਾਂ ਨੂੰ ਅੱਜ ਲੱਭੀ ਕਸਤੂਰੀ ॥
ਚੰਦ ਚਕੋਰ ਨੂੰ ਦੇਖ ਕੇ ਹੱਸਿਆ
ਉਹਦੀ ਅੱਜ ਮੁੱਕ ਗਈ ਸੀ ਦੂਰੀ ॥

ਪੰਡਤਾਂ ਨੇ ਰਲ ਟੇਵੇ ਲਾਏ
ਕੀਤੀ ਉਹਨਾਂ ਭਵਿੱਖ ਬਾਣੀ ॥
ਕੋਈ ਨਵਾਂ ਲਿਖਾਰੀ ਪੈਦਾ ਹੋਇਆ
ਲਿਖੇਗਾ ਇਕ ਨਵੀਂ ਕਹਾਣੀ ॥

ਪੜ੍ਹਣ ਗਿਆ ਜਦ ਉਹ ਸਕੂਲੇ
ਪਾਂਧੇ ਤਾਈਂ ਉਹਨੇ ਪੜ੍ਹਾਇਆ ॥
ਗਲ ਜਦ ਜੰਞੂ ਪਾਵਣ ਲੱਗੇ
ਕੱਚਾ ਧਾਗਾ ਉਸ ਗਲ ਨਾ ਪਾਇਆ ॥

ਚਾਰਨ ਉਹ ਘਰੋਂ ਸੀ ਤੁਰਿਆ
ਲੈ ਕੇ ਇਕ ਮੱਝਾਂ ਦੀ ਢਾਣੀ ॥
ਸੁੱਤੇ ਪਏ ਨੂੰ ਧੁੱਪ ਆ ਗਈ
ਸੱਪ ਨੇ ਆ ਕੇ ਛੱਤਰੀ ਤਾਣੀ ॥

'ਸੱਚੇ ਸੌਦੇ' ਸਦਾ ਉਸ ਕੀਤੇ
ਹੱਟ ਵਣਜ ਦੀ ਜਦ ਉਸ ਖੋਲ੍ਹੀ ॥
ਛਾਬੇ ਭਰ ਭਰ ਦਾਣੇ ਵੰਡੇ
ਬੋਲ੍ਹ ਬਸ 'ਤੇਰਾ' ਦੀ ਬੋਲੀ ॥

ਟੁੱਭੀ ਉਸ ਵੇਈਂ ਵਿਚ ਮਾਰੀ
ਗਿਆਨ ਦਾ ਉਸਨੇ ਚਾਨਣ ਪਾਇਆ ॥
"ਹਿੰਦੂ ਨਾ ਕੋਈ ਮੁਸਲਮਾਨ ਹੈ"
ਇਹ ਸੀ ਉਸਨੇ ਹੋਕਾ ਲਾਇਆ ॥



ਰੱਬ ਤਾਂ ਬਸ ਇਕੋ ਹੈ ਲੋਕੋ
ਰੌਲਾ ਪਾ ਪਾ ਉਸ ਸਮਝਾਇਆ ॥
ਰਾਮ ਜਾਂ ਅੱਲ੍ਹਾ ਉਹਨੂੰ ਕਹਿਕੇ
ਬ੍ਰਾਹਮਣਾਂ ਕਾਜ਼ੀਆਂ ਫ਼ਰਕ ਹੈ ਪਾਇਆ ॥
ਹਿੰਦੂਆਂ ਨੇ ਉਹਨੂੰ ਗੁਰੂ ਮੰਨ ਲਿਆ
ਮੁਸਲਮਾਨਾਂ ਦਾ ਪੀਰ ਸਦਵਾਇਆ ॥

3

ਬਾਜ਼ਿਆਂ ਨਵੇਂ ਹੀ ਰਾਗ ਅਲਾਪੇ
ਖੜਕ ਪਈ ਤੂੰਬੇ ਦੀ ਤਾਰ ॥
ਨਵੀਂ ਧੁਨ ਰਬਾਬ ਨੇ ਛੇੜੀ
ਕਹਿ ਉਠੀ ਉਹ ਸਤਿ ਕਰਤਾਰ ॥

ਨਾਲ ਲੈ ਬਾਲੇ ਮਰਦਾਨੇ ਨੂੰ
ਉਹਨਾਂ ਸਾਧਾਂ ਵਾਲਾ ਭੇਸ ਬਣਾਇਆ ॥
ਰੋਗ ਕੋਹੜੀਆਂ ਦੇ ਦੂਰ ਕੀਤੇ,
ਦੁੱਧ ਲਹੂ ਦਾ ਭੇਦ ਦਿਖਾਇਆ ॥

ਗੰਗਾ ਜਾ ਕੇ ਜਦ ਉਹਨਾਂ ਤਕਿਆ
ਲੋਕ ਚੜ੍ਹਦੇ ਵਲ ਨੂੰ ਪਾਣੀ ਪੌਂਦੇ ॥
ਪਾਣੀ ਤੁਹਾਡਾ ਨਾ ਪਹੁੰਚੂ ਉਥੇ
ਛਿਪਦੇ ਵਲ ਨੂੰ ਪਾ ਸਮਝੌਂਦੇ ॥

ਸੂਰਜ ਚੰਦ ਤੇ ਤਾਰੇ ਪਾ ਕੇ
ਅੰਬਰ ਦਾ ਇਕ ਥਾਲ ਬਣਾਇਆ ॥
ਆਰਤੀ ਸਿਰਫ ਬਸ ਇਕ ਦੀ ਕਰਨੀ
ਪੰਡਤਾਂ ਤਾਈਂ ਉਸ ਸਮਝਾਇਆ ॥

ਰੱਬ ਨਾ ਚੜ੍ਹਦੇ ਰੱਬ ਨਾ ਛਿੱਪਦੇ
ਉਹ ਤਾਂ ਹਰ ਥਾਂ ਤੇ ਹੈ ਵੱਸਦਾ ॥

'ਪੈਰ ਕਰਾਂ ਨਾ ਕਾਹਬੇ ਵਲ ਨੂੰ'
ਇਹ ਮੁੱਲਾਂ ਤੂੰ ਕਾਹਤੇ ਦਸਦਾ ॥

ਗੋਸ਼ਟ ਜਦ ਸਿਧਾਂ ਨੇ ਕੀਤੇ
'ਦਸ ਬ਼ਾਬਾ ਸਾਹ ਕਦ ਰੁਕ ਜਾਣਾ' ॥
'ਆਦਮੀ ਹੈ ਇਕ ਦਮੀਂ'
ਪਤਾ ਨਹੀਂ ਇਹ ਕਦ ਮੁਕ ਜਾਣਾ ॥

ਤਾਰੇ ਉਸ ਸੀ ਕੌਡੇ ਰਾਕਸ਼
ਨਾਲ ਤਾਰੇ ਵਲੀ ਕੰਧਾਰੀ ॥
ਸੱਜਣ ਠੱਗ ਜਿਹੇ ਪੈਰੀਂ ਡਿੱਗ ਪਏ
ਨਜ਼ਰ ਉਹਨਾਂ ਜਦ ਮੇਹਰ ਦੀ ਮਾਰੀ ॥

**4**

ਇਕ ਓਂਕਾਰ ਦਾ ਪਾਠ ਪੜ੍ਹਾਇਆ
ਜਿਸ ਤੋਂ ਬਿਨਾਂ ਨਹੀਂ ਕੋਈ ਦੂਜਾ ॥
ਮਸਜਿਦ ਜਾ ਨਮਾਜ਼ ਪੜ੍ਹੋ ਜਾਂ
ਮੰਦਰ ਜਾ ਕੇ ਕਰ ਲਓ ਪੂਜਾ ॥

ਰੱਬ਼ ਕਿਸੇ ਇਕ ਥਾਂ ਨਾ ਬੈਠਾ
ਨਾ ਗੰਗਾ ਨਾ ਮੱਕੇ ॥
ਕਈ ਢੂੰਡਣ ਉਹਨੂੰ ਵਿਚ ਜੰਗਲ
ਕਈ ਪਹਾੜੀਂ ਲੱਭ ਲੱਭ ਥੱਕੇ ॥

ਨਾਮ ਜਪੋ ਤੇ ਵੰਡਕੇ ਛਕੋ
ਲੋਕਾਂ ਤਾਈਂ ਉਸ ਸਮਝਾਇਆ ॥
ਕਿਰਤੀ ਦੀ ਇਹ ਕਦਰ ਸੀ ਕਰਦਾ
ਤਾਹੀਂ ਡੇਰਾ ਲਾਲੋਂ ਦੇ ਲਾਇਆ ॥



ਦੁਨੀਆ ਦੀ ਇਸ ਕਿਆਰੀ ਅੰਦਰ
ਸਿੱਖੀ ਦਾ ਬੀਜ ਉਸ ਬੋਇਆ ॥
ਉਹਨਾਂ ਦਾ ਉਹੋ ਬੂਟਾ ਲਾਇਆ
ਹੈ ਅੱਜ ਏਨਾ ਵੱਡਾ ਹੋਇਆ ॥

ਵੱਡੀ ਉਮਰੇ ਉਸ ਨੇ ਆ ਕੇ
ਨਵਾਂ ਇਕ ਸੀ ਸ਼ਹਿਰ ਬਸਾਇਆ ॥
ਕੰਮ ਕਰਦਿਆਂ ਰੱਬ ਨਾਲ ਜੁੜਨਾ
ਲੋਕਾਂ ਤਾਈਂ ਓਸ ਸਿਖਾਇਆ ॥

ਆਇਆ ਜਦ ਆਖਰੀ ਵੇਲਾ
ਲਹਿਣੇ ਨੂੰ ਉਨਾਂ ਅੰਗ ਲਗਾਇਆ ॥
ਪੰਜ ਪੈਸੇ ਤੇ ਰੱਖ ਨਾਰੀਅਲ
ਉਸਨੇ ਆਪਣਾ ਸੀਸ ਝੁਕਾਇਆ ॥
ਜੋ ਆਇਆ ਸੋ ਚਲਸੀ
ਕਰ ਪੂਰਾ ਇਹ ਫੁਰਮਾਨ ॥
ਜੋਤੀ ਜੋਤ ਸਮਾ ਗਿਆ
ਉਹ ਛੱਡ ਕੇ ਇਹ ਜਹਾਨ ॥

ਕਿਸੇ ਨੂੰ ਉਸਦੀ ਲਾਸ਼ ਨਾ ਲੱਭੀ
ਫੁੱਲਾਂ ਦਾ ਇਕ ਢੇਰ ਸੀ ਪਾਇਆ ॥
ਅੱਧਿਆਂ ਉਹਨੂੰ ਅੱਗ ਸੀ ਲਾਈ
ਅੱਧਿਆਂ ਨੇ ਉਸਨੂੰ ਦਫਨਾਇਆ ॥
ਨਜ਼ਰ ਉਹਨਾਂ ਜਦ ਅੰਬਰੀਂ ਮਾਰੀ
ਹਰ ਪਾਸੇ 'ਇਕ' ਨਜਰੀਂ ਆਇਆ ॥

ਛਾਂਵੇਂ ਬਹਿ 'ਭੱਜੀ' 'ਤੇਰੇ ਬੂਟੇ' ਦੀ
ਕਿਸੇ ਨੇ ਅੱਜ ਜੜ੍ਹ ਹੈ ਕੱਟੀ ॥
ਬਾਬਾ ਅੱਜ ਫਿਰ ਮੁੜ ਕੇ ਆ ਜਾ
ਖੋਲ੍ਹ ਫੇਰ ਤੂੰ ਸੱਚ ਦੀ ਹੱਟੀ।

## ਸਜਦਾ

ਆਵੋ ਲੋਕੋ ਸਜਦਾ ਕਰੀਏ
ਨਾਨਕ ਸ਼ਾਹ ਫਕੀਰ ਨੂੰ।
ਤ੍ਰਿਪਤਾ ਦੀ ਅੱਖ ਦੇ ਤਾਰੇ ਨੂੰ
ਭੈਣ ਨਾਨਕੀ ਦੇ ਵੀਰ ਨੂੰ।

ਇਕ ਨੂਰ ਤੋਂ ਬਣੇ ਨੇ ਸਾਰੇ
ਇਸ ਜਗ ਦੇ ਇਨਸਾਨ।
ਕਰਮਾਂ ਬਾਝੋਂ ਨਾ ਕੋਈ ਚੰਗਾ
ਕੀ ਹਿੰਦੂ ਕੀ ਮੁਸਲਮਾਨ।
ਇਕ ਰੱਬ ਦਾ ਨਾਮ ਤੁਸੀਂ ਜਪੋ
ਛੱਡ ਧਰਮਾਂ ਵਾਲੀ ਲਕੀਰ ਨੂੰ।
ਆਵੋ ਲੋਕੋ ਸਜਦਾ ਕਰੀਏ......

ਇਕੱਠੇ ਬਹਿਕੇ ਨਾਲ ਦੂਜਿਆਂ
ਹੱਕ ਦੀ ਕਮਾਈ ਛਕਣਾ।
ਉਸ ਸੂਅਰ ਉਸ ਗਾਂ ਬਰਾਬਰ
ਨਾ ਮਾਲ ਪਰਾਇਆ ਤਕਣਾ।



ਸੁੱਕੀ ਰੋਟੀ ਲਾਲੋ ਦੀ ਖਾਧੀ
ਛੱਡ ਭਾਗੋ ਦੀ ਖੀਰ ਨੂੰ।
ਆਵੋ ਲੋਕੋ ਸਜਦਾ ਕਰੀਏ......

ਕਿਰਤ ਹੱਥਾਂ ਨਾਲ ਕਰਨੀ ਦੱਸੀ
ਆਪ ਉਨ੍ਹਾਂ ਹਲ ਵਾਹਕੇ।
ਪੰਡਤਾਂ ਤਾਈਂ ਇਉਂ ਸਮਝਾਵਣ
ਜਲ ਛੁਪਦੇ ਵਲ ਪਾਕੇ।
ਪਿਤਰਾਂ ਤਕ ਇਹ ਨਹੀਂ ਪਹੁੰਚਣਾ
ਕਿਉਂ ਐਵੇਂ ਉਛਾਲੋ ਨੀਰ ਨੂੰ।
ਆਵੋ ਲੋਕੋ ਸਜਦਾ ਕਰੀਏ......

ਅੱਜ ਬਾਬਾ ਤੇਰੇ ਸਿੱਖਾਂ ਦੇ ਲਈ
ਤੇਰੇ ਘਰ ਦੇ ਬੂਹੇ ਬੰਦ।
ਵੱਧੇ ਵੱਖਰੇ ਧਰਮਾਂ ਦੇ ਵਿਚ
ਹੈ ਉੱਸਰੀ ਨਫ਼ਰਤ ਦੀ ਕੰਧ।
ਅੱਜ ਫੇਰ ਧਰਮ ਦੇ ਨਾਂ ਤੇ
ਹੱਥ ਪੈਣ ਧੀਆਂ ਦੇ ਚੀਰ ਨੂੰ।
ਆਵੋ ਲੋਕੋ ਸਜਦਾ ਕਰੀਏ......

ਧਰਤੀ ਫੇਰ ਪਈ ਅੱਜ ਤੜਫੇ
ਥਾਂ ਥਾਂ ਲੱਗੀ ਅੱਗ।
ਸੱਜਣ ਠੱਗ ਜਿਹੇ ਆਗੂ ਸਾਡੇ
ਜਾਂਦੇ ਸਭ ਨੂੰ ਠੱਗ।
'ਭੱਜੀ' ਕਰੇ ਅਰਜੋਈਆਂ ਰੱਬ ਜੀ
ਫੇਰ ਭੇਜੋ ਨਾਨਕ ਪੀਰ ਨੂੰ।
ਆਵੋ ਲੋਕੋ ਸਜਦਾ ਕਰੀਏ......

## ਜਨਮ

ਰਾਤ ਉਦੋਂ ਸੀ ਭਰ ਜੋਬਨ 'ਤੇ,
ਜਦ ਤਾਰੇ ਝਿਲਮਿਲ ਕਰਦੇ ਸੀ।
ਇੰਝ ਲੱਗਾ ਜਿਵੇਂ ਭੰਗੜੇ ਪਾਉਂਦੇ,
ਉਦੋਂ ਲੱਗਦੇ ਉੱਚੇ ਸਾਰੇ ਸੀ।

ਅੱਡੀਆਂ ਚੁਕ ਕੇ ਕੰਧ ਉਤੋਂ ਦੀ,
ਚੰਦ ਸੂਰਜ ਨੂੰ ਤੱਕਦਾ ਸੀ।
ਚਾਹੁੰਦਾ ਸੀ ਉਹ ਉਸ ਨੂੰ ਛੂਹਣਾ,
ਪਰ ਉਸ ਨੂੰ ਛੂਹ ਨਹੀਂ ਸਕਦਾ ਸੀ।

ਸਰਘੀ ਵੇਲੇਂ ਰਲ ਚਿੜੀਆਂ ਨੇ,
ਚੀਂ-ਚੀਂ ਕਰਕੇ ਰੌਲਾ ਪਾਇਆ,
ਚੱਲੋ ਨੀ ਅੱਜ ਨਨਕਾਣੇ ਚੱਲੀਏ,
'ਭੱਜੀ' ਉਥੇ ਹੈ ਨਾਨਕ ਆਇਆ।

## ਮਾੜੀ

ਪਿਤਾ ਕਾਲੂ ਨੇ ਦੇ ਕੇ ਮੱਝਾਂ,
ਕਿਹਾ ਨਾਨਕ ਲਿਆ ਚਾਰ।
ਉਸ ਕਦੇ ਨਾ ਮੱਝਾਂ ਚਾਰੀਆਂ,
ਗਿਆ ਸੀ ਪਹਿਲੀ ਵਾਰ।

ਕਈ ਝੋਟੀਆਂ ਮਾਰ ਛੜੱਪੇ,
ਇਧਰ ਉਧਰ ਭੱਜੀਆਂ ਫਿਰਦੀਆਂ।
ਭੱਜ ਭੱਜ ਕੇ ਉਹ ਮੋੜੇ ਉਹਨਾਂ ਨੂੰ,
ਨਹੀਂ ਸੀ ਉਹਦੇ ਕੋਲੋਂ ਘਿਰਦੀਆਂ।

ਕੁਝ ਗਰਮੀ, ਕੁਝ ਭੱਜਾ ਫਿਰਦਾ,
ਨਾਨਕ ਗਿਆ ਸੀ ਅੱਕ।
ਇਕ ਦਰਖਤ ਦੀ ਛਾਵੇਂ ਬਹਿ ਗਿਆ,
ਉਹ ਗਿਆ ਸੀ ਕਾਫੀ ਥੱਕ।

ਦੇ ਕੇ ਲੋਰੀ ਉਹਨੂੰ ਹਵਾ ਨੇ,
ਨੀਂਦ ਦੀ ਗੋਦ ਸਵਾਇਆ।

ਉਜਾੜ ਦਿੱਤਾ ਮੱਝਾਂ ਖੇਤ ਜੱਟ ਦਾ,
ਭੱਜਕੇ ਜੱਟ ਸੀ ਆਇਆ।

ਫੜ ਕੇ ਲੈ ਗਿਆ ਉਹ ਨਾਨਕ ਨੂੰ,
ਰਾਏ ਬੁਲਾਰ ਦੇ ਕੋਲੇ।
ਚੱਲ ਤੁਸੀਂ ਖੁਦ ਦੇਖ ਲਵੋ,
ਗੁਰੂ ਨਾਨਕ ਜੀ ਬੋਲੇ।

ਆਏ ਜਦ੍ ਸਭ ਖੇਤ ਦੇ ਕੰਢੇ,
ਰਹਿ ਗਏ ਸਭ ਹੱਕੇ ਬੱਕੇ।
'ਭੱਜੀ' ਫਸਲ ਉਹਦੀ ਸਭ ਠੀਕ ਖੜ੍ਹੀ ਸੀ,
ਨਹੀਂ ਟੁੱਟੇ ਸਨ ਡੱਕੇ।

## ਨਾਨਕੀ ਦਾ ਵੀਰ

ਦੁਨੀਆਂ ਲਈ ਸੀ
ਉਹ ਭਾਵੇਂ ਰੂਪ ਰੱਬ ਦਾ,
ਪਰ ਨਾਨਕੀ ਦਾ
ਸੀ ਉਹ ਵੀਰ।
ਕਦੇ ਉਹਦੇ ਲਈ
ਉਹ ਕੁੱਟਦੀ ਚੂਰੀ,
ਕਦੇ ਬਣਾਉਂਦੀ ਖੀਰ।
ਜੇ ਕਦੇ ਬਾਪੂ
ਨਾਨਕ ਨੂੰ ਝਿੜਕੇ,
ਉਹਦੀਆਂ ਅੱਖਾਂ ਵਿਚ ਆ ਜਾਂਦਾ ਨੀਰ।
ਲੈ ਕੇ ਬੁੱਕਲ
ਆਪਣੇ ਵੀਰੇ ਨੂੰ,
ਉਹ ਦਿਵਾਉਂਦੀ ਸੀ ਧੀਰ।
ਕਦੇ ਕਿਧਰੇ ਕੋਈ
ਨਾਨਕ ਨੂੰ ਮਾਰੇ,
'ਭੱਜੀ' ਉਸ ਦੇ ਕਾਲਜੇ ਉੱਠਦੀ ਸੀ ਪੀੜ।

## ੧ਓ

ਨਿੱਕੇ ਹੁੰਦੇ,
ਬਾਬੇ ਨਾਨਕ ਨੂੰ,
ਜਦੋਂ ਪੜ੍ਹਨ ਸਕੂਲੇ ਪਾਇਆ।
ਪੜ੍ਹਾਉਂਦਾ ਪੜ੍ਹਾਉਂਦਾ
ਮਾਸਟਰ ਸਭ ਬੱਚਿਆਂ ਨੂੰ,
ਜਦ ਨਾਨਕ ਕੋਲੇ ਆਇਆ।
ਕਹਿੰਦਾ ਨਾਨਕ ਲਿਖ,
ਤੂੰ 'ਓ',
ਉਹਦੇ ਨਾਲ ਬਣਦਾ
'ਉਠ', ਹੈ ਹੁੰਦਾ।
ਨਾਨਕ ਬੋਲੇ ਮਾਸਟਰ ਜੀ,
ਜੋ ਤੁਸੀਂ ਕਿਹਾ
ਉਹ ਝੂਠ ਹੈ ਹੁੰਦਾ।
'ਓ' ਨਾਲ ਓਅੰਕਾਰ ਹੈ ਬਣਦਾ
੧ ਓ ਨਹੀਂ ਕੋਈ ਦੂਜਾ।
'ਭੱਜੀ' ਤੁਸੀਂ ਮੰਨੋ ਭਾਵੇਂ,
ਰਾਮ ਤੇ ਅੱਲ੍ਹਾ
ਮੈਂ ਬੱਸ ਕਰਨੀ ਉਹਦੀ ਪੂਜਾ।

## ਸੱਚਾ ਸੌਦਾ

ਵੀਹ ਰੁਪਈਏ ਲੈ ਕੇ,
ਤੁਰਿਆ ਬਣਕੇ ਇਕ ਵਣਜਾਰਾ।
ਉਹਦੇ ਬਾਪੂ ਨੇ ਆਖਿਆ ਉਹਨੂੰ,
ਖੱਟਣਾ ਨਫਾ ਤੂੰ ਭਾਰਾ।

ਸ਼ਹਿਰ ਵੱਲ ਨੂੰ ਜਾਂਦੇ ਨੇ,
ਕੁਝ ਸਾਧੂ ਤੱਕੇ।
ਭੁੱਖੇ ਸੀ ਉਹ ਕਈ ਦਿਨਾਂ ਦੇ,
ਨਾਲੇ ਸੀ ਉਹ ਥੱਕੇ।

ਗੱਲ ਕੀਤੀ ਉਸ ਨਾਲ ਬਾਲੇ ਨੇ,
ਜੋ ਸੀ ਉਹਦਾ ਹਾਣੀ।
ਵੀਹ ਰੁਪੈ ਦਾ,
ਲੈ ਕੇ ਆ ਜਾ,
ਤੂੰ ਸ਼ਹਿਰੋਂ ਰਸਦ ਤੇ ਪਾਣੀ।

ਭਰ ਕੇ ਭੁੱਖੇ ਢਿੱਡਾਂ ਨੂੰ,
ਸਾਧੂ ਦੇਣ ਅਸੀਸਾਂ।
ਤੂੰ ਨਫੇ ਦਾ ਸੌਦਾ ਕਰ ਗਿਆ,
ਨਹੀਂ ਬੱਚਿਆ ਤੇਰੀ ਰੀਸਾਂ।

ਪਿੰਡ ਵੱਲ ਨੂੰ ਖਾਲੀ ਆਉਂਦਿਆਂ,
ਨਾਨਕ ਪਿਆ ਘਬਰਾਵੇ।
ਪਤਾ ਲੱਗਾ ਜਦੋਂ ਪਿਤਾ ਨੂੰ,
ਕੀ ਉਹ ਕਹਿਰ ਕਮਾਵੇ।

ਗੁੱਸੇ ਵਿਚ ਬਾਪੂ ਨੂੰ ਤੱਕ ਕੇ,
ਨਾਨਕੀ ਭੱਜੀ ਆਵੇ।
ਥੱਪੜ ਪੈਣ ਜਦੋਂ ਉਹਦੇ ਵੀਰ ਨੂੰ,
ਉਹ ਪਿੰਡੇ 'ਤੇ ਖਾਵੇ।

"ਨਾ ਮਾਰੋ ਤੁਸੀਂ ਇਹਨੂੰ ਪਿਤਾ ਜੀ,
ਇਹ ਹਾਲੇ ਹੈ ਬੱਚਾ।"
ਇੰਝ ਬਾਬੇ ਨਾਨਕ ਨੇ,
ਕੀਤਾ ਸੀ ਇਕ ਸੌਦਾ ਸੱਚਾ।

ਓਹਨਾਂ ਵੀਹ ਰੁਪਈਆਂ ਦੇ ਸਦਕੇ,
ਅੱਜ ਥਾਂ ਥਾਂ ਲੰਗਰ ਚਲਦੇ।
'ਭੱਜੀ' ਲੱਖਾਂ ਹੀ ਗੁਰੂਘਰਾਂ ਦੇ,
ਅੰਦਰ ਲੱਖਾਂ ਭੁੱਖੇ ਪਲਦੇ।

## ਸੱਪ

ਇਕ ਦਿਨ ਮੱਝੀਆਂ,
ਚਾਰਦੇ ਚਾਰਦੇ
ਨਾਨਕ ਰੱਬ ਵਿਚ ਖੋ ਗਿਆ।
ਸੋਚਦਾ ਹੋਇਆ
ਉਹ ਰੱਬ ਦੇ ਬਾਰੇ,
ਉਹ ਡੂੰਘੀ ਨੀਂਦਰ ਸੌਂ ਗਿਆ।

ਗਰਮੀ ਆਖਰ ਵਧ ਗਈ ਐਨੀ,
ਚਿੜੀਆਂ ਵੀ ਸੀ ਚੁੱਪ।
ਢਲ ਗਿਆ ਦਰਖਤਾਂ ਦਾ ਪਛਾਵਾਂ,
ਉਹਦੇ ਚਿਹਰੇ ਨੂੰ ਆ ਗਈ ਧੁੱਪ।
ਇੰਨੇ ਨੂੰ ਇਕ ਫਨੀਅਰ ਸੱਪ,
ਖੁੱਡ ਵਿਚੋਂ ਨਿਕਲਕੇ ਆਇਆ।
'ਭੱਜੀ' ਰੱਬ ਦੇ ਰੂਪ ਨੂੰ,
ਛਾਂ ਕਰਨ ਲਈ ਉਸ ਆਪਣਾ ਫਨ ਫੈਲਾਇਆ।

# ਜਨੇਊ

ਬਾਰ੍ਹਾਂ ਸਾਲ ਦਾ
ਜਦ ਨਾਨਕ ਹੋਇਆ,
ਉਹਨੂੰ ਲੱਗੇ ਜਨੇਊ ਪਾਉਣ।
ਪੰਡਤ ਹਰਦਿਆਲ ਨੇ
ਵੇਦਾਂ ਵਿਚੋਂ,
ਉਚਾਰੇ ਕਈ ਤਰ੍ਹਾਂ ਦੇ ਗਾਉਣ।

ਬਾਬੇ ਨਾਨਕ
ਜਦ ਇਹ ਪੁੱਛਿਆ,
ਪੰਡਿਤ ਜੀ ਕੀ ਰਹੇ ਹੋ ਕਰ।
ਸੁਣ ਕੇ ਇਹੋ
ਸਵਾਲ ਅਨੋਖਾ,
ਪੰਡਤ ਗਿਆ ਸੀ ਡਰ।

ਕਹਿੰਦਾ! ਇਹ ਬੱਚਾ,
ਇਹ ਸੁੱਚਾ 'ਧਾਗਾ'



ਜੋ ਕਰੇਗਾ ਤੇਰੀ ਰਾਖੀ।
ਇਹ ਗਲ਼ਕੇ
ਤਾਂ ਟੁੱਟ ਜਾਏਗਾ,
ਬਾਬੇ ਨਾਨਕ ਇਹ ਗੱਲ ਆਖੀਂ।

ਨਾ ਟੁੱਟ ਸਕੇ
ਜੋ ਧੁਰ ਦਰਗਾਹ ਤੱਕ,
ਐਸਾ ਧਾਗਾ ਪਾਈਂ।
ਨਹੀਂ ਪੰਡਤ ਜੀ
ਤੂੰ ਮੇਰੇ ਪਿੰਡੇ ਨੂੰ,
ਇਹ ਕੱਚਾ ਧਾਗਾ ਨਾ ਲਾਈਂ।

ਭਰਮਾਂ ਵਿਚ
ਭਟਕਦੀ ਫਿਰਦੀ,
ਇਹੋ ਦੁਨੀਆ ਸਭ।
'ਭੱਜੀ' ਕੀ ਲੋੜ
ਉਹਨੂੰ ਕੱਚੇ ਧਾਗੇ ਦੀ,
ਜਿਸਦਾ ਰਾਖਾ ਰੱਬ।

## ਅਲਬੇਲਾ ਰਾਹੀ

ਹੱਥ ਵਿਚ ਸੋਟੀ
ਸਿਰ ਤੇ ਟੋਪੀ
ਪੈਰਾਂ ਵਿਚ ਖੜਾਂਵਾਂ।
ਕੱਛ ਵਿਚ ਗਠੜੀ
ਹੱਥ ਮਾਲਾ ਪਕੜੀ
ਅਗੇ ਅਣਜਾਣੀਆਂ ਰਾਹਾਂ।

ਉਹਦੀ ਮੰਜ਼ਿਲ ਸੀ ਦੂਰ
ਕਿਸੇ ਕੀਤਾ ਮਜਬੂਰ
ਦਿਲ ਵਿਚ ਮਿਲਣ ਦੀਆਂ ਚਾਹਵਾਂ।
ਕਦੇ ਚੜ੍ਹਦੇ ਨੂੰ ਜਾਂਦਾ
ਕਦੇ ਛਿਪਦੇ ਨੂੰ ਜਾਂਦਾ
ਛੱਡੀਆਂ ਨਾ ਕੋਈ ਰਾਹਵਾਂ।

ਮਰਦਾਨਾ ਰਬਾਬ ਵਾਲਾ
ਦੂਜਾ ਸੇਵਕ ਬਾਲਾ
ਸੀ ਉਹਦੇ ਇਹ ਸਾਥੀ।



ਕਈ ਹਾੜ੍ਹ ਤੇ ਪੋਹ
ਉਹ ਚਲਿਆ ਕਈ ਕੋਹ
ਬਿਨ ਘੋੜੇ ਜਾਂ ਹਾਥੀ।

ਸੀ ਦਿਲ ਵਿਚ ਪਿਆਸ
ਰੱਬ ਨੂੰ ਮਿਲਨੇ ਦੀ ਆਸ
ਪੱਲੇ ਰਖਦਾ ਨਹੀਂ ਸੀ ਧੇਲਾ।
ਬਦਲੇ ਕਈ ਉਹਨੇ ਰੰਗ
ਉਹਦੇ ਵਖਰੇ ਸੀ ਢੰਗ
ਉਹ ਰਾਹੀ ਅਲਬੇਲਾ।

ਨਾ ਅਰਘ ਚੜ੍ਹਾਇਆ
ਨਾ ਨਮਾਜ਼ ਗੁਜ਼ਾਰੀ
ਕੀਤੀ ਇਕ ਦੀ ਉਸ ਪੂਜਾ।
ਕਹਿੰਦਾ ਰੱਬ ਭੀ ਉਹੀ
ਰਹੀਮ ਭੀ ਉਹੀ
ਨਹੀਂ ਹੋਰ ਕੋਈ ਦੂਜਾ।

ਮਾਂ ਭੀ ਉਹੀ
ਬਾਪ ਭੀ ਉਹੀ
ਸਭ ਉਸਦੇ ਨੇ ਬੰਦੇ।
ਉੱਚਾ ਨਾ ਕੋਈ
ਨੀਵਾਂ ਨਾ ਕੋਈ
ਵੱਖੋ ਵੱਖਰੇ ਨੇ ਧੰਦੇ।

ਮੱਥੇ ਤਿਲਕ ਲਗਾਇਆ
ਗੱਲ ਜੰਞੂ ਵੀ ਪਾਇਆ
ਪਰ ਦਿਲ ਇਹਨਾਂ ਦੇ ਗੰਦੇ।
ਕਾਜ਼ੀ ਨਿੱਤ ਨਮਾਜ਼ ਗੁਜ਼ਾਰੇ
ਹੱਕ ਲੋਕਾਂ ਦੇ ਮਾਰੇ
ਤਾਂ ਇਹ ਭੀ ਕੰਮ ਨੇ ਮੰਦੇ।

ਬੋਲੇ ਇਕ ਓਂਕਾਰ
ਕਰੋ ਹੱਥਾਂ ਨਾਲ ਕਾਰ
ਸਦਾ ਵੰਡ ਕੇ ਛੱਕੋ।
ਭਾਵੇਂ ਦੇਵੇ ਉਹ ਸੁੱਖ
ਭਾਵੇਂ ਦੇਵੇ ਉਹ ਦੁੱਖ
ਤੁਸੀਂ ਕਦੇ ਨਾ ਅੱਕੋ।

ਚੰਗੇ ਮਾੜੇ ਦੇ ਲੇਖੇ
ਸੁਰਗ ਨਰਕ ਦੇ ਭੁਲੇਖੇ
ਉਹ ਤਾਂ ਉਹੀ ਜਾਣੇ।
ਜੋ ਹੈ ਉਹਦੀ ਰਜ਼ਾ
ਇਨਾਮ ਜਾਂ ਸਜ਼ਾ
ਰਹੋ ਉਹਦੇ ਵਿਚ ਭਾਣੇ।

ਭਾਵੇਂ ਹੋਵੇ ਕੋਈ ਬਾਬਰ
ਭਾਵੇਂ ਹੋਵੇ ਕੋਈ ਜ਼ਾਬਰ
ਨਾ ਕਿਸੇ ਤੋਂ ਡਰਨਾ।
ਦਿਲ ਵਿਚ ਰੱਬ ਦਾ ਧਿਆਨ
ਲੈ ਉਹਦੇ ਕੋਲੋਂ ਗਿਆਨ
ਜੋ ਦਿਲ ਕਹੇ ਸੋ ਕਰਨਾ।

ਹਮੇਸ਼ਾਂ ਸੱਚ ਲਈ ਹੈ ਲੜਣਾ
ਹਮੇਸ਼ਾਂ ਸੱਚ ਲਈ ਹੈ ਖੜਣਾ
ਇਹ ਸੀ ਨਾਨਕ ਦਾ ਕਹਿਣਾ।
'ਭੱਜੀ' ਹੁਣ ਤਾਂ ਹੋ ਗਏ ਬੱਗੇ
ਕਰ ਅਰਦਾਸ ਤੂੰ ਉਹਦੇ ਅਗੇ
ਉਹ ਜਿਵੇਂ ਰਖੇ ਉਂਜ ਰਹਿਣਾ।

## ਆਰਤੀ

ਜਗਨ ਨਾਥ,
ਜਦੋ ਬਾਬਾ ਆਇਆ,
ਪੈਣ ਲੱਗੀ ਜਦ ਸ਼ਾਮ।
ਆਰਤੀ,
ਬ੍ਰਾਹਮਣ ਉਤਾਰਣ ਲੱਗਾ,
ਜਿਵੇਂ ਰਿਵਾਜ ਸੀ ਆਮ।

ਥਾਲ ਦੇ ਵਿਚ,
ਰੱਖ ਕੁਛ ਦੀਵੇ,
ਬ੍ਰਾਹਮਣ ਖੜਕਾਵੇ ਟੱਲ।
ਘੂਰ ਘੂਰ ਕੇ,
ਉਹ ਦੇਖੇ,
ਬਾਬੇ ਤੇ ਮਰਦਾਨੇ ਵੱਲ।

ਖ਼ਤਮ ਹੋ ਗਈ,
ਫਿਰ ਜਦ ਆਰਤੀ,
ਬ੍ਰਾਹਮਣ ਪੈ ਗਿਆ ਗਲ।

'ਜੇ ਤੁਸੀਂ ਨਹੀਂ ਸੀ,
ਕਰਨੀ ਆਰਤੀ,
ਕਿਉਂ ਆਏ ਮੰਦਰ ਚੱਲ।'

ਬਾਬੇ ਨਾਨਕ ਕਿਹਾ,
'ਪੰਡਤ ਜੀ,
ਉਹਦੀ ਆਰਤੀ,
ਕਦੇ ਨਾ ਹੁੰਦੀ ਬੰਦ।
ਇਹ ਅੰਬਰ ਸਾਰਾ,
ਥਾਲ ਹੈ ਉਹਦਾ,
ਉਹਦੇ ਦੀਵੇ ਸੂਰਜ ਚੰਦ।

ਇਹ ਮਹਿਕ ਹਵਾ ਦੀ,
ਧੂਫ ਹੈ ਉਹਦੀ,
ਸਾਰੇ ਪੰਛੀ ਗਾਉਂਦੇ ਗੀਤ।
ਹਰ ਮੌਸਮ ਵਿਚ,
"ਫੁੱਲ ਭਾਂਤ ਭਾਂਤ ਦੇ ਦੇਣਾ,
ਇਹ ਰੁੱਤਾਂ ਦੀ ਰੀਤ।"

ਸੁਣ ਕੇ ਗੱਲ,
ਬਾਬੇ ਨਾਨਕ ਦੀ,
ਬ੍ਰਾਹਮਣ ਹੋ ਗਿਆ ਚੁੱਪ।
'ਭੱਜੀ' ਨਿੱਤ ਉਹਦੇ ਦੀਵੇ ਦੀ,
ਹਰ ਕੋਈ ਮਾਣੇ ਧੁਪ।

## ਮੱਕਾ

ਘੁੰਮਦਾ ਘੁੰਮਦਾ,
ਬਾਬਾ ਇਕ ਦਿਨ,
ਸ਼ਾਮ ਨੂੰ ਪੁੱਜਾ ਮੱਕੇ।
ਸਾਰੇ ਦਿਨ ਦੇ,
ਲੰਮੇ ਸਫਰ ਨਾਲ,
ਬਾਬਾ ਜੀ ਸੀ ਥੱਕੇ।

ਗੂੜ੍ਹੀ ਨੀਂਦ,
ਸੌਂ ਗਿਆ ਬਾਬਾ,
ਕਰ ਪੈਰ ਮੱਕੇ ਦੇ ਵੱਲ।
ਪਤਾ ਲੱਗਾ,
ਜਦੋਂ ਜੀਵਨ ਮੁੱਲਾਂ ਨੂੰ,
ਉਹ ਆਇਆ ਬਾਬੇ ਕੋਲ ਚੱਲ।

'ਪੈਰ ਤੂੰ ਕਾਅਬੇ,
ਵੱਲ ਨੂੰ ਕੀਤੇ,
ਕੀ ਰੱਬ ਦਾ ਨਹੀਂ ਤੈਨੂੰ ਡਰ।

ਪਤਾ ਨਹੀਂ,
ਤੈਨੂੰ ਐ ਮੁਸਾਫਿਰ,
ਇਹ ਤਾਂ ਰੱਬ ਦਾ ਘਰ।'

ਬਾਬਾ ਕਹਿੰਦਾ,
ਮੈਂ ਥਕਿਆ ਹਾਂ,
ਤੂੰ ਪੈਰ ਘੁਮਾ ਦੇ ਮੇਰੇ,
ਜਿਧਰ ਨਹੀਂ ਹੈ ਰੱਬ।
ਜਵਾਬ,
ਇਹ ਸੁਣ ਬਾਬੇ ਦਾ,
ਹੱਕੇ ਬੱਕੇ ਰਹਿ ਗਏ ਸੱਬ।

ਕਿਵਾੜ ਜਦੋਂ,
ਦਿਮਾਗ ਦਾ ਖੁਲ੍ਹਿਆ,
ਸਮਝ ਜੀਵਨ ਨੂੰ ਆਇਆ।
'ਭੱਜੀ' ਇਸ ਤਰ੍ਹਾਂ,
ਬਾਬੇ ਨੇ ਮੱਕੇ ਨੂੰ,
ਹਰ ਪਾਸੇ ਸੀ ਘੁੰਮਾਇਆ।

## ਭਾਗੋ

ਮਲਿਕ ਭਾਗੋ ਦੇ,
ਲੱਖ ਸੱਦਣ 'ਤੇ ਭੀ,
ਜਦੋਂ ਨਾ ਬਾਬਾ ਆਇਆ।
ਭੇਜ ਕੇ ਆਪਣੇ,
ਉਸ ਕੁਝ ਬੰਦੇ,
'ਲਾਲੋ' ਕੈਦ ਕਰਾਇਆ।

ਪਤਾ ਲੱਗਾ,
ਜਦੋਂ ਬਾਬੇ ਨੂੰ,
ਲਾਲੋ ਨੂੰ ਲੈ ਗਏ ਫੜਕੇ।
ਝਟ ਪਟ,
ਉਹ ਭੀ ਪਹੁੰਚ ਗਏ ਉਥੇ,
ਦੇਖ ਕੇ ਭਾਗੋ ਭੜਕੇ।

'ਸੱਦਿਆ ਤੈਨੂੰ,
ਕਈ ਵਾਰ ਸਾਧਾ,
ਤੂੰ ਨਾ ਕੀਤਾ ਸੱਦਾ ਪ੍ਰਵਾਨ।

ਸੁੱਕੀ ਰੋਟੀ,
ਤੂੰ ਲਾਲੋ ਦੀ ਖਾਵੇਂ,
ਛੱਡ ਮੇਰੇ ਪਕਵਾਨ।

ਹੋ ਕੇ ਤੂੰ,
ਇਕ ਉੱਚ ਕੁਲ ਦਾ,
ਰਹੇ ਨੀਵਿਆਂ ਦੇ ਘਰ।
ਭਾਈਚਾਰੇ ਦਾ,
ਤੈਨੂੰ ਫਿਕਰ ਨਾ ਕੋਈ,
ਰੱਬ ਦਾ ਨਹੀਂ ਤੈਨੂੰ ਡਰ।'

ਸੁਣ ਕੇ ਗੱਲ
ਮਲਿਕ ਭਾਗੋ ਦੀ,
ਬਾਬਾ ਜੀ ਕੁਝ ਨਾ ਬੋਲੇ।
ਹੱਥਾਂ ਵਿਚ ਫੜ,
ਦੋਹਾਂ ਦੀ ਰੋਟੀ,
ਭੇਦ ਉਹਨਾਂ ਨੇ ਖੋਲ੍ਹੇ।

ਭਾਗੋ ਦੀ ਵਿਚੋਂ,
ਲਹੂ ਸਿੰਮੇ,
ਲਾਲੋ ਦੀ ਵਿਚ ਦੁੱਧ।
ਦੇਖ ਕੇ,
ਇਹ ਕੌਤਕ ਵੱਖਰਾ,
ਭਾਗੋ ਦੀ ਭੁਲ ਗਈ ਸੁੱਧ।

ਪਿਆਰ ਦੇ ਨਾਲ,
ਜੋ ਕਿਸੇ ਨੇ ਦਿੱਤਾ,
ਉਹ ਮਨਜ਼ੂਰ ਭਾਵੇਂ ਹੋਵੇ ਰੁੱਖਾ।
'ਭੱਜੀ' ਰੱਬ ਨਾ ਦੇਖੇ,
ਉੱਚੇ ਨੀਵੇ,
ਉਹ ਤਾਂ ਭਾਉ ਭਗਤ ਦਾ ਭੁੱਖਾ।

## ਲਾਲੋ ਨੂੰ ਸੁਨੇਹਾ

ਘਰ ਤੇਰੇ ਇਕ ਮਹਿਮਾਨ ਸੀ ਆਇਆ
ਕੋਈ ਉਸ ਦੀ ਗੱਲ ਸੁਣਾਈਂ ਵੇ ਲਾਲੋ।

ਤੂੰ ਤਾਂ ਉਹਨੂੰ ਨੇੜਿਓਂ ਤੱਕਿਆ
ਰਤਾ ਉਸ ਤੇ ਰੋਸ਼ਨੀ ਪਾਈਂ ਵੇ ਲਾਲੋ।

ਕਿੰਜ ਕੋਧਰੇ ਤੋਂ ਰੋਟੀ ਬਣਦੀ
ਸਾਨੂੰ ਉਸਦੀ ਜਾਚ ਸਿਖਾਈਂ ਵੇ ਲਾਲੋ।

ਕਿੰਜ ਇਹਦੇ 'ਚੋਂ ਦੁੱਧ ਪਿਆਰ ਦਾ ਸਿੰਮਦਾ
ਸਾਨੂੰ ਇਹ ਗੱਲ ਸਮਝਾਈਂ ਵੇ ਲਾਲੋ।

ਖੂਨ ਦੇ ਸੋਹਿਲੇ ਜੋ ਉਸ ਤੈਨੂੰ ਸੁਣਾਏ
ਅੱਜ ਉਹ ਸਾਨੂੰ ਸੁਣਾਈਂ ਵੇ ਲਾਲੋ।

ਜਿਸ ਦਰਦ ਨਾਲ ਉਸ ਸੀ ਗਾਏ
ਉਸ ਹੀ ਸੁਰ ਵਿਚ ਤੂੰ ਗਾਈਂ ਵੇ ਲਾਲੋ।

ਸ਼ਾਇਦ ਤੇਰੇ ਪਿੱਛੇ ਉਹ ਵੀ ਆ ਜਾਏ
ਘਰ ਤੂੰ ਸਾਡੇ ਆਈਂ ਵੇ ਲਾਲੋ।

ਵਖਤ ਹੈ ਸਾਡੇ ਕੋਲੇ ਥੋਹੜਾ
ਤੂੰ ਜ਼ਿਆਦਾ ਦੇਰ ਨਾ ਲਾਈਂ ਵੇ ਲਾਲੋ।

ਜੰਜ ਜ਼ੁਲਮ ਦੀ ਲੈ ਕੋਈ ਦਿੱਲੀਓਂ ਚੜ੍ਹਿਆ
ਉਹਦੇ ਕੰਨੀ ਇਹ ਗੱਲ ਪਾਈਂ ਵੇ ਲਾਲੋ।

ਸਿੱਖ ਉਹਨੂੰ ਅੱਜ ਫੇਰ ਉਡੀਕਣ
ਇਹ ਸੁਨੇਹਾ ਭੱਜੀ ਦਾ ਪੁਚਾਈਂ ਵੇ ਲਾਲੋ।

## ਨਿੱਘ

ਬੜੀ ਸੋਹਣੀ,
ਸਵੇਰ ਸੀ ਉਹੋ,
ਚਿੜੀਆਂ ਚੀਂ ਚੀਂ ਚਹਿਕਦੀਆਂ।
ਮੱਧਮ ਮੱਧਮ,
ਹਵਾ ਸੀ ਵਗਦੀ,
ਬਾਗੀ ਕਲੀਆਂ ਮਹਿਕਦੀਆਂ।

ਸੂਰਜ ਦਾ ਮੁੱਖ,
ਦਗ ਦਗ ਕਰਦਾ,
ਅੱਜ ਦਿਨ ਸੋਹਣਾ ਚੜ੍ਹਿਆ।
ਇਸ ਧਰਤੀ ’ਤੇ,
ਅੱਜ ਕੋਈ ਆਇਆ,
ਜਿਹਨੂੰ ਮਾਲਕ ਨੇ,
ਰੂਪ ਆਪਣੇ ਵਿਚ ਘੜਿਆ।

ਉਹਦੇ ਮੁਖੜੇ ’ਤੇ,
ਨੂਰ ਸੀ ਐਨਾ,

ਹਰ ਪਾਸੇ ਸੀ ਚਾਨਣ।
'ਭੱਜੀ' ਸਿੰਘ ਜੋ,
ਉਸ ਪਿਆਰ ਦਾ ਵੰਡਿਆ,
ਹੁਣ ਤਾਈ ਸਾਰੇ ਮਾਨਣ।

## ਕੀਮਤੀ ਹੀਰਾ

ਗੁਰੂ ਨਾਨਕ,
ਜਦੋਂ ਪਹੁੰਚੇ ਪਟਨੇ,
ਸਵਾਲ ਮਰਦਾਨੇ ਇਕ ਪਾਇਆ।
ਤੁਸੀਂ ਕਹਿੰਦੇ ਹੋ,
ਜ਼ਿੰਦਗੀ ਇਕ ਹੀਰਾ,
ਇਹ ਮੇਰੀ ਸਮਝ ਨਾ ਆਇਆ।

ਬਾਬੇ ਨਾਨਕ ਦਾ,
ਉਹਨੂੰ ਦੇ ਕੇ ਇਕ ਹੀਰਾ,
ਪਰਖਣ ਦੇ ਲਈ ਘੱਲਿਆ।
ਉਸ ਹੀਰੇ ਦਾ,
ਮੁੱਲ ਪਾਉਣ ਲਈ,
ਮਰਦਾਨਾ ਸ਼ਹਿਰ ਨੂੰ ਚਲਿਆ।

ਸਮਝ ਕੇ ਇੱਕ,
ਕੱਚ ਦਾ ਟੁਕੜਾ,
ਪੂਰਾ ਮੁੱਲ ਕਿਸੇ ਨਾ ਪਾਇਆ।

ਘੁੰਮਦਾ ਘੁੰਮਦਾ,
ਆਖਿਰ ਮਰਦਾਨਾਂ
ਹੱਟ ਸਾਲਸ ਰਾਏ ਦੀ ਆਇਆ।

ਕੋਈ ਕਹੇ,
ਦੋ ਗਾਜਰਾਂ ਲੈ ਜਾ,
ਕੋਈ ਕਹੇ ਲੱਡੂਆਂ ਦਾ ਥਾਲ।
ਪਛਾਣ ਸਕੇ,
ਜੋ ਇਸ ਹੀਰੇ ਨੂੰ,
ਮਰਦਾਨੇ ਨੂੰ ਸੀ ਪਾਰਖੂ ਦੀ ਭਾਲ।

ਸਾਲਸ ਰਾਏ ਨੇ,
ਜਦ ਨਿਗਾਹ ਇਕ ਮਾਰੀ,
ਕਹਿੰਦਾ ਇਹ ਤਾਂ ਕੀਮਤੀ ਲਾਲ।
ਇਹਦਾ ਮੁੱਲ,
ਮੈਂ ਦੇ ਨਾ ਸਕਦਾ,
ਆਪਣੀ ਸਾਰੀ ਪੂੰਜੀ ਨਾਲ।

ਤੱਕ ਲੈਣ ਦੇ,
ਮੈਨੂੰ ਇਹਨੂੰ ਕੁਝ ਘੜੀਆਂ,
ਤੂੰ ਨਾਲ ਆਰਾਮ ਮੇਰੇ ਕੋਲ ਬਹਿ ਜਾ।
ਇਸਦੇ ਬਦਲੇ,
ਜੋ ਤੇਰਾ ਚਿੱਤ ਕਰੇ,
ਇਸ ਸ਼ਹਿਰੋਂ ਜੋ ਚਾਹੇਂ ਲੈ ਜਾ।

ਸਮਝ ਆ ਗਈ,
ਮਰਦਾਨੇ ਨੂੰ,
ਕੋਈ ਵਿਰਲੇ ਮੁੱਲ ਜ਼ਿੰਦਗੀ ਦਾ ਪਾਉਂਦੇ।
'ਭੱਜੀ' ਵਰਗੇ ਤਾਂ,
ਇਸ ਜੱਗ ਉੱਤੇ,
ਬੱਸ ਜੂਨ ਹੀ ਕੱਟਣ ਆਉਂਦੇ।

## ਕੌਡਾ

ਦੱਖਣ ਦੇ ਵਿਚ,
ਘੁੰਮਦੇ ਘੁੰਮਦੇ,
ਇਕ ਦਿਨ ਐਸਾ ਆਇਆ।
ਮਰਦਾਨੇ ਨੂੰ ਸੀ ਭੁੱਖ ਨੇ,
ਉਸ ਦਿਨ ਖੂਬ ਸਤਾਇਆ।

ਬਾਬੇ ਨਾਨਕ ਦੀ,
ਦੇਖ ਲੱਗੀ ਸਮਾਧੀ,
ਮਰਦਾਨੇ ਨੂੰ ਇਕ ਫੁਰਨਾ ਫੁਰਿਆ।
ਚੁੱਪ ਕਰਕੇ,
ਖਿਸਕ ਗਿਆ ਮਰਦਾਨਾ,
ਇਕ ਪਾਸੇ ਵੱਲ ਮੂੰਹ ਕਰ ਤੁਰਿਆ।

ਅੱਗੇ ਮਿਲ ਗਿਆ,
ਉਹਨੂੰ ਰਾਕਸ਼ ਕੌਡਾ,
ਜੋ ਸੀ ਬੰਦੇ ਖਾਂਦਾ।
ਭੁੰਨਣ ਲਈ ਉਹ ਮਾਸ ਉਹਨਾਂ ਦਾ,
ਤੇਲ ਦੇ ਕੜਾਹੇ ਤਪਾਂਦਾ।

ਮਰਦਾਨਾ ਦੇਖ,
ਉਹਨੂੰ ਖੁਸ਼ ਹੋਇਆ,
ਉਹ ਦੇਖ ਮਰਦਾਨੇ ਵੱਲ ਹੱਸਿਆ।
ਮਰਦਾਨਾ ਸੋਚਦਾ ਸੀ,
ਮਿਲੂਗਾ ਖਾਣਾ,
ਉਹਦੇ ਜਾਲ 'ਚ ਸ਼ਿਕਾਰ ਸੀ ਫਸਿਆ।

ਅਸਲੀਅਤ ਦਾ ਪਤਾ ਜਦ,
ਮਰਦਾਨੇ ਨੂੰ ਲਗਿਆ,
ਉਹ ਤਰਲੇ ਪਾਵੇ।
ਕਰੇ ਅਰਦਾਸਾਂ,
ਰੱਬ ਦੇ ਅੱਗੇ,
ਨਾਨਕ ਛੇਤੀ ਆਵੇ।

ਬਾਬੇ ਨਾਨਕ ਦੀ,
ਜਦੋਂ ਅੱਖ ਖੁੱਲ੍ਹੀ,
ਉਹ ਲੱਗੇ ਮਰਦਾਨੇ ਨੂੰ ਭਾਲਣ।
ਆਉਂਦਾ ਦੇਖ,
ਇਕ ਹੋਰ ਬੰਦਾ,
ਕੋਡਾ ਪਾਉਣ ਲੱਗ ਪਿਆ ਹੋਰ ਬਾਲਣ।

'ਸੱਤ ਕਰਤਾਰ',
ਜਦੋਂ ਕਿਹਾ ਬਾਬੇ,
ਉਹ ਤਪਦੇ ਕੜਾਹੇ ਠਾਰੇ।
'ਭੱਜੀ' ਉਸ ਆਪਣੀ,
ਮੇਹਰ ਨਿਗਾਹ ਨਾਲ,
ਕਈ ਕੋਡੇ ਵਰਗੇ ਤਾਰੇ।

## ਨੂਰ

ਤੁਰਦਾ ਤੁਰਦਾ,
ਬਾਬਾ ਨਾਨਕ,
ਜਾ ਪਹੁੰਚਾ ਜਦੋਂ ਗੁਹਾਟੀ।
ਸ਼ਹਿਰ ਵੱਲ ਨੂੰ,
ਤੁਰ ਪਿਆ ਮਰਦਾਨਾ,
ਹੱਥ ਵਿੱਚ ਲੈ ਕੇ ਬਾਟੀ।

ਇਸ ਇਲਾਕੇ ਨੂੰ,
ਉਦੋਂ ਲੋਕੀਂ ਸੀ ਕਹਿੰਦੇ,
ਇਹ ਪਰੀਆਂ ਦਾ ਦੇਸ਼।
ਗਲੀਂ ਜਿਹਨਾਂ ਦੇ,
ਰੇਸ਼ਮੀ ਕੱਪੜੇ,
ਬੜੇ ਸੋਹਣੇ ਸੀ ਭੇਸ।
ਰੰਗ ਉਹਨਾਂ ਦੇ,
ਦੁਧੋਂ ਚਿੱਟੇ,
ਕੋਹ ਕੋਹ ਲੰਮੇ ਕੇਸ।

ਉਸ ਸ਼ਹਿਰ ਵਿਚ,
ਇਕ ਮਹਿਲ ਸੀ ਸੋਹਣਾ,
ਜਿਸ ਵਿਚ ਰਹਿੰਦੀ ਨੂਰ।
ਸਾਰਿਆਂ ਨਾਲੋਂ,
ਸੀ ਉਹ ਸੋਹਣੀ,
ਉਹ ਹੂਰਾਂ ਦੀ ਹੂਰ।

ਅੱਧਨੰਗਾ,
ਪਿੰਡਾ ਉਹ ਰੱਖਦੀ,
ਕਰਦੀ ਵੱਖਰੇ ਭੇਸ।
ਮੂੰਹ ਉਹਦਾ,
ਜਿਵੇਂ ਟਿੱਕੀ ਚੰਦ ਦੀ,
ਤੇ ਬੱਦਲਾਂ ਵਰਗੇ ਕੇਸ।

ਦੂਰ ਦੂਰ ਤੱਕ,
ਲੋਕੀਂ ਗੱਲਾਂ ਕਰਦੇ,
ਉਹ ਸੀ ਹਰ ਪਾਸੇ ਮਸ਼ਹੂਰ।
ਅੱਖਾਂ ਵਿਚ ਪਾ ਅੱਖਾਂ,
ਜਦੋਂ ਉਹ ਦੇਖੇ,
ਕਰ ਦੇਂਦੀ ਸੀ ਮਜਬੂਰ।
ਹੁਸਨ ਜਵਾਨੀ ਦਾ,
ਉਹਨੂੰ ਮਾਣ ਸੀ ਐਨਾ,
ਉਸ ਸਦਾ ਰਹਿੰਦੀ ਮਗਰੂਰ।
ਇਕ ਵਾਰ,
ਜਿਸ 'ਤੇ ਕਰਦੀ ਉਹ ਜਾਦੂ,
ਉਹ ਜਾ ਨਹੀਂ ਸੀ ਸਕਦਾ ਦੂਰ।
ਜਿਵੇਂ ਕੋਈ ਸ਼ੀਸ਼ਾ ਹੈ ਟੁੱਟਦਾ,
ਉਹ ਦਿਲ ਨੂੰ ਕਰਦੀ ਸੀ ਚੂਰ।



ਕੀਲਿਆ ਗਿਆ,
ਵਿਚਾਰਾ ਮਰਦਾਨਾ,
ਨਿਗਾਹ ਜਦ ਉਸ ਨੇ ਮਾਰੀ।
ਪਿਛੇ ਤੁਰ ਪਿਆ,
ਜਿਵੇਂ ਭੇਡ ਦੇ ਲੇਲਾ,
ਦੁਨੀਆ ਵੇਖੇ ਸਾਰੀ।

ਕਾਫੀ ਦੇਰ,
ਉਡੀਕਣ ਦੇ ਮਗਰੋਂ,
ਮਰਦਾਨਾ ਜਦ ਨਾ ਆਇਆ।
ਭਾਲਦੇ ਭਾਲਦੇ,
ਉਹਨੂੰ ਬਾਬੇ,
ਪੈਰ ਨੂਰ ਦੇ ਮਹਿਲੀਂ ਪਾਇਆ।
ਹੁਸਨ ਆਪਣੇ ਦਾ,
ਜਾਦੂ ਨੂਰ ਨੇ,
ਨਾਨਕ ਤੇ ਕਰਨਾ ਚਾਹਿਆ।
ਲੈ ਅੰਗੜਾਈ,
ਕੱਜਲੇ ਨੈਣਾਂ 'ਚੋਂ,
ਉਸ ਨੇ ਤੀਰ ਚਲਾਇਆ।

ਚੁੱਪ ਚਾਪ,
ਖੜਾ ਰਿਹਾ ਬਾਬਾ,
ਬਣ ਕੇ ਇਕ ਸ਼ਾਂਤੀ ਦੀ ਮੂਰਤ।
ਉਸ ਦੇ ਚਿਹਰੇ 'ਚ ਸੀ,
ਨਜ਼ਰੀ ਆਉਂਦੀ,
ਇਕ ਮੁਕੰਮਲ ਪੀਰ ਦੀ ਸੂਰਤ।

ਅਸਰ ਨਾ ਕੋਈ,
ਹੋਇਆ ਨਾਨਕ ਦੇ,

ਤੱਕ ਕੇ ਇਹ ਘਬਰਾਈ ਨੂਰ।
ਹੁਸਨ ਜੋਬਨ ਦੀ,
ਕਲੀ ਉਹ ਸੋਹਣੀ,
ਆਖਰ ਅੱਜ ਮੁਰਝਾਈ ਨੂਰ।

ਬਾਬੇ ਨਾਨਕ,
ਆਖਿਆ ਬੱਚੀ,
ਇਹ ਕੰਮ ਨਾ ਤੇਰੇ ਚੰਗੇ।
ਸ਼ਰਮ ਹੈ,
ਔਰਤ ਦਾ ਗਹਿਣਾ,
ਦਿਖਾਓ ਨਾ ਅੰਗ ਇਹ ਕਰਕੇ ਨੰਗੇ।
ਹੁਸਨ ਜਵਾਨੀ,
ਇਹ ਸਦਾ ਨਾ ਰਹਿਣੇ,
ਜਿਸ ਨਾਲ ਲੋਕੀਂ ਫਾਹੇ ਟੰਗੇ।
ਸੁਣ ਕੇ ਗੱਲ,
ਬਾਬੇ ਨਾਨਕ ਦੀ,
ਨੂਰ ਆਪਣੀ ਗਲਤੀ ਤੇ ਸੰਗੇ।
'ਭੱਜੀ' ਪੈਰੀਂ ਬਾਬੇ ਦੇ,
ਡਿੱਗ ਕੇ ਨੂਰ,
ਗਿੜਗਿੜਾ ਕੇ ਮਾਫ਼ੀ ਮੰਗੇ।

## ਫਨੀਅਰ

ਬਾਬਾ ਨਾਨਕ,
ਚਾਰਦਾ ਮੱਝੀਆਂ,
ਸੁੱਤਾ ਲੰਮੀਆਂ ਤਾਣ।
ਐਸੀ ਗੂੜ੍ਹੀ ਨੀਂਦਰ ਆਈ,
ਚੜ੍ਹਿਆ ਦੁਪਹਿਰਾ ਆਣ।

ਉਹਦੇ ਉਤੋਂ,
ਹਟਣ ਲਗ ਪਿਆ,
ਉਸ ਰੁੱਖ ਦਾ ਸਾਇਆ।
ਅਜੀਬ ਕੌਤਕ,
ਰਾਏ ਬੁਲਾਰ ਨੇ ਤਕਿਆ,
ਜਦ ਉਹ ਉਧਰ ਆਇਆ।

ਫਨ ਖਿਲਾਰ ਕੇ,
ਛਾਂ ਕਰੀ ਬੈਠਾ,
ਉਹਨੂੰ ਕਾਲਾ ਫਨੀਅਰ ਨਾਗ।
'ਭੱਜੀ' ਫਿਕਰ ਲਗਾ ਸੀ,
ਉਹ ਸੱਪ ਤਾਈਂ,
ਕਿਤੇ ਨਾਨਕ ਨਾ ਪਏ ਜਾਗ।

## ਰਬਾਬ

ਲੱਕੜ ਦਾ ਇਕ ਟੁਕੜਾ ਘੜਕੇ
ਉਸ ਤੇ ਕਸੀਆਂ ਤਾਰਾਂ।
ਮਰਦਾਨੇ ਦੀਆਂ ਉਂਗਲਾਂ ਫਿਰੀਆਂ
ਉਸ ਉੱਤੇ ਕਈ ਵਾਰਾਂ।

ਉਸ ਦੇ ਵਿਚੋਂ ਜੋ ਧੁਨ ਨਿਕਲੀ
ਉਹ ਦਿਲ ਨੂੰ ਜਾਂਦੀ ਛੁਹ।
ਕੰਨਾਂ ਨੂੰ ਵੀ ਲਗਦੀ ਚੰਗੀ
ਖਿੜ ਜਾਂਦੀ ਸੀ ਰੂਹ।

ਬਾਬਾ ਨਾਨਕ
ਇਕਾਗਰ ਮਨ ਨਾਲ
ਧਿਆਨ ਰੱਬ ਵੱਲ ਲੌਂਦਾ।
ਧੁਰ ਦਰਗਾਹੋ
ਆਈ ਬਾਣੀ ਨੂੰ
ਉੱਚੀ ਉੱਚੀ ਉਹ ਗੌਂਦਾ।



ਉਨ੍ਹਾਂ ਦੋਹਾਂ ਨੇ
ਹੋ ਕੇ ਇਕੱਠੇ
ਚੱਕਰ ਜੱਗ ਦਾ ਲਾਇਆ।
ਰੱਬ ਤਾਂ ਲੋਕੋ
ਇਕੋ ਹੀ ਹੈ
ਇਹ ਸਭ ਨੂੰ ਸਮਝਾਇਆ।

ਉਨ੍ਹਾਂ ਦੋਹਾਂ ਦੀ
ਵਖਰੀ ਸੀ ਜੋੜੀ
ਜਿਸਦਾ ਨਹੀਂ ਕੋਈ ਜੱਗ ਤੇ ਜਵਾਬ।
'ਭੱਜੀ' ਮਰਦਾਨੇ ਵਰਗੀ
ਉਸ ਦੇ ਪਿੱਛੋਂ
ਕਿਸੇ ਨਾ ਵਜਾਈ ਰਬਾਬ।

## ਫਰਮਾਨ

ਇਸ ਧਰਤੀ ਤੇ ਉਸ ਖ਼ੁਸ਼ੀਆਂ ਵੰਡੀਆਂ,
ਇਹ ਜਾਣੇ ਸਭ ਜਹਾਨ।
ਆਓ ਲੋਕੋ ਤੁਹਾਨੂੰ ਸੁਣਾਵਾਂ,
ਉਸ ਨਾਨਕ ਦਾ ਫਰਮਾਨ।

ਇਕ ਜੋਤ ਤੋਂ ਪੈਦਾ ਹੋਏ,
ਇਸ ਦੁਨੀਆਂ ਦੇ ਇਨਸਾਨ।
ਐਵੇਂ ਨਾ ਤੁਸੀਂ ਸਮਝੋ ਕਿਸੇ ਨੂੰ,
ਹਿੰਦੂ ਜਾਂ ਮੁਸਲਮਾਨ।
ਇੱਕੋ ਰੱਬ ਦਾ ਰੂਪ ਨੇ ਸਾਰੇ,
ਸਭ ਉਹਦੀ ਸੰਤਾਨ।

ਜਿਸ ਨੇ ਤੈਨੂੰ ਰਚਿਆ ਬੰਦਿਆ,
ਕਦੇ ਨਾ ਉਹਨੂੰ ਭੁਲਾਈਂ।
ਆਪਣੀ ਰੋਟੀ ਤੂੰ ਐ ਬੰਦੇ,
ਆਪਣੇ ਹੱਥਾਂ ਨਾਲ ਕਮਾਈਂ।



ਕਿਸੇ ਭੁੱਖੇ ਦਾ ਢਿੱਡ ਤੂੰ ਭਰਕੇ,
ਫੇਰ ਮੂੰਹ ਆਪਣੇ ਵਿਚ ਪਾਈਂ।
ਰੁੱਖੀ ਸੁੱਖੀ ਜੋ ਵੀ ਮਿਲ ਜਾਵੇ,
ਖਾ ਕੇ ਰੱਬ ਦਾ ਸ਼ੁਕਰ ਮਨਾਈਂ।

ਕਿਸੇ ਅੱਗੇ ਤੂੰ ਹੱਥ ਨਾ ਅੱਡੀਂ,
ਨਾ ਹੱਕ ਕਿਸੇ ਦਾ ਖਾਈਂ।
ਮੁਸਲਮਾਨ ਲਈ ਸੂਰ ਬਰਾਬਰ,
ਹਿੰਦੂ ਲਈ ਉਹ ਗਾਈਂ।
ਰੱਬ ਨਾ ਵਸਦਾ ਮੰਦਰ ਮਸਜਿਦ,
ਉਹ ਵਸਦਾ ਹਰ ਥਾਈਂ।
'ਭੱਜੀ' ਹਰ ਦਿਲ ਅੰਦਰ ਰੱਬ ਹੈ ਬੈਠਾ,
ਨਾ ਕਿਸੇ ਦਾ ਦਿਲ ਦੁਖਾਈਂ।

## ਸ਼ਾਇਰ

ਤੂੰ ਸ਼ਾਇਰ,
ਇਕ ਅਰਸ਼ੋਂ ਆਇਆ,
ਤੈਨੂੰ ਧੁਰ ਤੋਂ ਆਈ ਬਾਣੀ।
ਲੋਕ ਆਖਣ,
ਡੁਬ ਗਿਆ ਨਾਨਕ,
ਵਿਚ ਬੇਈਂ ਦੇ ਪਾਣੀ।
ਪਰ,
ਤੂੰ ਸਿੱਧਾ ਜਾ,
ਰੱਬ ਨੂੰ ਮਿਲਿਆ,
ਉਸ ਬੇਈਂ ਦੇ ਥਾਣੀ।

ਮਰਦਾਨੇ ਨੂੰ ਕਿਹਾ,
ਰਬਾਬ ਛੇੜ ਤੂੰ,
ਤੇ ਤੂੰ ਗਾਉਣ ਲਗ ਪਿਆ ਬਾਣੀ।
ਆਪੇ ਹੀ ਸੀ,
ਉਹ ਤੈਨੂੰ ਫੁਰਦੀ,
ਯਾਦ ਸੀ ਸਭ ਜ਼ਬਾਨੀ।



ਉਸ ਦਾ ਸੀ,
ਤੈਨੂੰ ਆਸਰਾ ਐਨਾ,
ਤੂੰ ਛੱਡ 'ਤੀ ਰੋਟੀ ਖਾਣੀ।
ਰੋੜਾਂ ਤੇ,
ਕਰ ਲਿਆ ਵਿਛੌਣਾ,
ਤੇ ਨਾਮ ਵੰਡਣ ਦੀ ਠਾਣੀ।

ਨਾ ਕੋਈ ਹਿੰਦੂ,
ਨਾ ਮੁਸਲਮਾਨ ਹੈ,
ਤੂੰ ਹੋਕਾ ਇਹ ਸੀ ਲਾਇਆ।
ਹਰ ਧਰਮ ਦੇ
ਹਰ ਬੰਦੇ ਨੂੰ,
ਬੱਸ ਇਕੋ ਰੱਬ ਬਣਾਇਆ।
ਰਾਮ ਭੀ ਉਹੀ,
ਰਹੀਮ ਭੀ ਉਹੀ,
ਲੋਕਾਂ ਨੂੰ ਸਮਝਾਇਆ।
ਛੱਡੋ ਮੁੱਲਾਂ,
ਛੱਡੋ ਪੰਡਤ,
ਤੂੰ ਸੱਚੇ ਦੇ ਲੜ ਲਾਇਆ।

ਮੈਂ ਸ਼ਾਇਰ,
ਦੁਨਿਆਵੀ ਬੰਦਾ,
ਇਸ ਦੁਨੀਆ ਦੀਆਂ ਕਰਾਂ ਮੈਂ ਗੱਲਾਂ।
ਇਹ ਕਲਮ ਮੇਰੀ,
ਤੇਰੇ ਹੁਕਮ 'ਚ ਚਲੇ,
ਤੂੰ ਜਿਵੇਂ ਚਲਾਏ ਚੱਲਾਂ।

ਹੰਝੂਆਂ ਦੇ ਵਿਚ,
ਡੁੱਬ ਕੇ ਰਹਿ ਗਈ,

ਇਹ ਮੇਰੀ ਕਲਮ ਨਿਮਾਣੀ।
ਕੀ ਰੱਬ,
ਕੀ ਲਗਨ ਹੈ ਉਹਦੀ,
ਮੈਂ ਇਸ ਦੀ ਸਾਰ ਨਾ ਜਾਣੀ।

ਦੁੱਖ ਦਰਦ,
ਹਰ ਪਾਸੇ ਦਿਸਦਾ,
ਮੇਰੇ ਕੰਨੀ ਪੈਂਦੇ ਹੌਕੇ ॥
ਲੱਭਾਂ ਮੈਂ,
ਕੋਈ ਤੇਰੇ ਵਰਗਾ,
ਜੋ ਇਸ ਨੂੰ ਅੱਜ ਰੋਕੇ।

ਰੱਬ ਤਾਈਂ,
ਮੇਰੀ ਪਹੁੰਚ ਨਹੀਂ ਹੈ,
ਤੂੰ ਹੈਂ ਮੇਰਾ ਵਿਚੋਲਾ।
ਕੀ ਹਾਲ,
ਅੱਜ ਸਾਡਾ ਹੋਇਆ,
ਨਹੀਂ ਤੈਥੋਂ ਕੋਈ ਓਹਲਾ।

ਤੱਕ ਕੇ ਜ਼ੁਲਮ,
ਬਾਬਰ ਦਾ ਬਾਬਾ,
ਤੁਸੀਂ ਰੱਬ ਨੂੰ ਮੇਹਣਾ ਲਾਇਆ।
"ਏਤੀ ਮਾਰ ਪਈ ਕੁਰਲਾਣੇ,
ਤੈਂ ਕੀ ਦਰਦੁ ਨਾ ਆਇਆ।"

ਜ਼ੁਲਮ ਜਬਰ ਨੂੰ,
ਤੱਕ ਕੇ ਬਾਬਾ!
ਤੂੰ ਖੂਨ ਦੇ ਸੋਹਲੇ ਗਾਏ।
ਧਿਆਨ ਨਾਲ ਤੂੰ,



ਸੁਣੀਂ ਵੇ ਲਾਲੋ,
ਕਹਿ ਉਹਨੂੰ ਉਹ ਸੁਣਾਏ।

ਮੈ ਬਾਬਾ,
ਅੱਜ ਤੈਥੋਂ ਪੁੱਛਾਂ,
ਤੈਨੂੰ ਸਵਾਲ ਹਾਂ ਪਾਉਂਦਾ।
ਸਾਡਾ ਤਾਂ,
ਕੂੰਡਾ ਹੋ ਚਲਿਆ,
ਕੀ ਤੈਨੂੰ ਦਰਦ ਨਾ ਆਉਂਦਾ?

ਭੁੱਲਣਹਾਰ,
ਅਸੀਂ ਜੀਵ ਹਾਂ ਬਾਬਾ,
ਤੇਰੇ ਦੱਸੇ ਰਾਹ,
ਅਸੀਂ ਹਾਂ ਭੁੱਲ ਗਏ।
ਛੱਡਕੇ ਤੇਰੀ,
ਦੌਲਤ ਬਾਬਾ,
ਅਸੀਂ ਸਿੱਕਿਆਂ ਉਤੇ ਡੁਲ੍ਹ ਗਏ।
ਪਾ ਕੇ ਪਿਆਰ ਅਸੀਂ,
ਨਾਲ ਮਿੱਟੀ ਦੇ,
ਮਿੱਟੀ ਦੇ ਵਿਚ ਰੁੱਲ ਗਏ।

ਲੱਖਾਂ ਤੇਰੇ,
ਦਰ ਅੱਜ ਪਹੁੰਚੇ,
ਧਰਮ ਦੀ ਖਾਤਿਰ ਮਰ ਕੇ।
ਹਾਲੇ ਭੀ,
ਤੂੰ ਕਿਉ ਬੈਠਾ ਏਂ,
ਪਿੱਠ ਸਾਡੇ ਵੱਲ ਕਰ ਕੇ।

ਮਰਦਾਨੇ ਨੂੰ,
ਕਹਿ ਅੱਜ ਬਾਬਾ,
ਉਹ ਧੁਨ ਅਮਨ ਦੀ ਛੇੜੇ।
ਨਾਲ ਤੂੰ ਗਾ ਦੇ,
ਅਰਸ਼ੀ ਬਾਣੀ,
ਤੇ ਕੱਢ ਪੰਜਾਬ ਦੇ ਗੇੜੇ।

ਜਾਂ ਫੇਰ ਪਹਿਣ ਕੇ ਦਸਵਾਂ ਜਾਮਾ,
ਆ ਜਾ ਤਲਵਾਰ ਨੂੰ ਫੜਕੇ।
ਜ਼ਾਲਮ ਨੂੰ ਕੱਢ,
ਸਾਡੇ ਵੇਹੜੇ 'ਚੋਂ,
ਗੱਲਬਾਤੀਂ ਜਾਂ ਲੜ ਕੇ।

ਯਾਦ ਹੈ ਸਾਨੂੰ,
ਤੂੰ ਕਿਹਾ ਸੀ,
ਉਠ ਸੀ ਕੋਈ ਮਰਦ ਕਾ ਚੇਲਾ।

ਸਬਰ ਕਰਕੇ
'ਭੱਜੀ' ਬੈਠ ਜਾਵੇਗਾ
ਜੇ ਦਸ ਦੇਵੇਂ
ਉਹ ਕਦ ਆਵੇਗਾ ਵੇਲਾ?

## ਅਰਸ਼ੀ ਮਿਲਾਪ

*(ਭਾਈ ਸਾਹਿਬ ਭਾਈ ਵੀਰ ਸਿੰਘ ਦੀ ਯਾਦ ਨੂੰ ਸਮਰਪਤ)*

ਭਰ ਜਵਾਨੀ,
ਉਮਰ ਸੀ ਉਹਦੀ
ਸੁਲਤਾਨਪੁਰੇ ਦੇ ਵਿਚ ਸੀ ਰਹਿੰਦਾ।
ਰੱਬ ਦਾ ਸਦਾ
ਉਹ ਨਾਂ ਸੀ ਲੈਂਦਾ
ਹਰ ਵੇਲੇ ਉੱਠਦਾ ਤੇ ਬਹਿੰਦਾ।

ਕੋਈ ਆਖੇ
ਪੀਰ ਸਾਈਂ ਦਾ,
ਕੋਈ ਉਹਨੂੰ ਸੰਤ ਸੀ ਕਹਿੰਦਾ।
ਹਰ ਕੋਈ
ਸਤਿਕਾਰ ਸੀ ਕਰਦਾ
ਕੋਈ ਨਹੀਂ ਉਹਦੇ ਨਾਲ ਸੀ ਖਹਿੰਦਾ।

ਬਾਬਾ ਨਾਨਕ
ਪਿਆਰ 'ਚ ਭਿੱਜਕੇ
ਜਦ ਵੀ ਉੱਚੀ ਸੁਰ ਵਿਚ ਗਾਂਦੇ।

ਖੜ੍ਹ ਜਾਂਦਾ
ਦਰਿਆ ਦਾ ਪਾਣੀ,
ਉਡਦੇ ਪੰਛੀ ਵੀ ਰੁਕ ਜਾਂਦੇ।

ਮਸਤੀ ਨਾਲ
ਅੱਖਾਂ ਨੂੰ ਭਰਕੇ
ਜਦੋਂ ਖੋਲ੍ਹਦਾ ਸੀ ਉਹ ਬੁੱਲ੍ਹ
ਮੰਦ ਮੰਦ
ਮੁਸਕੌਂਦੀਆਂ ਕਲੀਆਂ
ਬਾਗੀਂ ਖਿਲਦੇ ਸਾਰੇ ਫੁੱਲ।

ਲੋਕ ਉਨ੍ਹਾਂ ਨੂੰ
ਸੁਣਨ ਦੇ ਲਈ
ਦੂਰੋਂ ਚਲ ਚਲ ਔਣ।
ਚੁੰਗੀਆਂ ਭਰਕੇ
ਹਿਰਨ ਵੀ ਔਂਦੇ
ਉੱਚੀ ਕਰਕੇ ਧੌਣ।
ਪੱਤੇ ਵੀ
ਖੜ ਖੜ ਨਾ ਕਰਦੇ
ਰੁਕ ਜਾਂਦੀ ਸੀ ਵਗਦੀ ਪੌਣ।
ਤੁਰੇ ਜਾਂਦੇ
ਪੈਰ ਰਾਹੀ ਪੁੱਛਦੇ
ਗਾ ਰਿਹਾ ਇਹ ਕੌਣ?

ਮਰਦ ਹੱਥਾਂ ਦੇ,
ਕੰਮ ਛੱਡ ਖੜ੍ਹਦੇ
ਹਰ ਔਰਤ ਵੀ ਜਾਂਦੀ ਕੀਲੀ।
ਕੋਇਲਾਂ ਨੂੰ ਵੀ
ਕੂ ਕੂ ਭੁਲਦੀ,
ਸੁਣ ਉਹਦੀ ਆਵਾਜ਼ ਰਸੀਲੀ।



ਉਹ ਦੀ ਸੁਰ ਵਿਚ
ਰਲ ਮਿਲ ਜਾਂਦੀ
ਮਰਦਾਨੇ ਦੀ ਸੋਹਣੀ ਰਬਾਬ।
ਇਨ੍ਹਾਂ ਦੋਹਾਂ ਦੀ
ਜੋੜੀ ਸੀ ਐਸੀ
ਜਿਸ ਦਾ ਨਹੀਂ ਸੀ ਕੋਈ ਜਵਾਬ।

ਦੇਵੀ ਦੇਵਤੇ
ਸਭ ਅੰਬਰ ਤੋਂ
ਉਤਰ ਕੇ ਧਰਤੀ ਔਂਦੇ।
ਬਹਿਕੇ ਉਹ
ਨਾਨਕ ਦੇ ਦੁਆਲੇ
ਧਰਤੀ ਨੂੰ ਬੈਕੁੰਠ ਬਣੌਂਦੇ।

ਲਫ਼ਜ਼ ਗੀਤਾਂ ਦੇ
ਮੋਤੀਆਂ ਵਰਗੇ
ਔਂਦੇ ਸੀ ਉਹਨੂੰ ਧੁਰ ਦਰਗਾਹੋਂ।
ਕੀਰਤਨ ਖਤਮ ਹੋਣ ਤੇ
ਲੋਕਾਂ ਨੂੰ
ਹਿਲੌਣਾ ਪੈਂਦਾ ਸੀ ਫੜ ਬਾਹੋਂ।

ਇਕ ਦਿਨ
ਬਾਬਾ ਤੜਕੇ ਉੱਠ ਕੇ
ਵੇਈਂ ਉੱਤੇ ਨ੍ਹੌਣ ਲਈ ਆਏ
ਆਪਣੇ ਕੱਪੜੇ
ਦੇ ਕੇ ਮਰਦਾਨੇ ਨੂੰ
ਚਰਣ ਉਨ੍ਹਾਂ ਪਾਣੀ ਵਿਚ ਪਾਏ।

ਥੋਹੜਾ ਜਿਹਾ
ਅਗਾਂਹ ਨੂੰ ਹੋ ਕੇ
ਉਸ ਪਾਣੀ ਵਿਚ ਮਾਰੀ ਟੁੱਭੀ।
ਜਦੋਂ ਉਹ
ਉਤਾਂਹ ਨਾ ਆਇਆ
ਇਹ ਗੱਲ ਮਰਦਾਨੇ ਨੂੰ ਖੁੱਭੀ।

ਉੱਚੀ ਉੱਚੀ
ਰੌਲਾ ਪਾਇਆ
ਮਰਦਾਨੇ ਨੇ ਪਿੰਡ ਵਿਚ ਜਾ ਕੇ।
ਸਾਰੇ ਉਹਨੂੰ
ਭਾਲਣ ਲੱਗ ਪਏ
ਉਸ ਬੇਈਂ ਦੇ ਕੰਢੇ ਆ ਕੇ।

ਗੋਤਾਖੋਰ ਰਹੇ
ਭਾਲਦੇ ਉਹਨੂੰ
ਤਿੰਨ ਦਿਨ ਉਹਨੂੰ ਭਾਲਦਿਆਂ ਬੀਤੇ।
ਹਰ ਕੋਈ ਆਖੇ
ਚੰਗਾ ਸੀ ਹੁੰਦਾ
ਯਾਦ ਕਰਕੇ ਉਹਦੇ ਕੰਮ ਕੀਤੇ।

ਅਕਾਲ ਪੁਰਖ ਦੇ
ਹੁਕਮ ਨੂੰ ਲੈਕੇ
ਕੋਈ ਅਰਸ਼ਾਂ ਤੋਂ ਨੂਰੀ ਆਇਆ।
ਕਿਹਾ "ਨਾਨਕ
ਤੂੰ ਨਾਲ ਚਲ ਮੇਰੇ
ਤੈਨੂੰ ਅਕਾਲ ਪੁਰਖ ਬੁਲਾਇਆ।"



ਹੁਕਮ ਮੰਨ ਕੇ
ਧਰਮ ਪਿਤਾ ਦਾ
ਗੁਰੂ ਜੀ ਉਸ ਦੇ ਪਿੱਛੇ ਲੱਗੇ।
ਸੱਚ ਖੰਡ ਵੱਲ ਨੂੰ
ਉਹ ਲੈ ਤੁਰਿਆ
ਲੱਗ ਗੁਰੂ ਨਾਨਕ ਦੇ ਅੱਗੇ।

ਫੇਰ ਉਨ੍ਹਾਂ
ਤਿੰਨ ਦਿਨਾਂ ਵਿਚ
ਜੋ ਹੋਇਆ ਨਾਨਕ ਦਾ ਹਾਲ।
ਉਹ ਅਕਾਲ ਪੁਰਖ ਦੇ
ਕੋਲ ਸੀ ਬੈਠਾ
ਜਿਥੇ ਨਾ ਕੋਈ ਦੇਸ਼ ਨਾ ਕਾਲ।

ਜਿਥੇ ਨਾ ਕੋਈ
'ਮੈਂ' ਜਾਂ 'ਤੂੰ' ਹੈ
ਜਿਥੇ ਕਿਸੇ ਨੂੰ ਨਹੀ ਗਰੂਰ।
ਹਰ ਕੋਈ ਮਸਤੀ ਦੇ ਵਿਚ ਝੂੰਮੇ
ਹਰ ਇਕ ਨੂੰ
ਵਖਰਾ ਹੀ ਸਰੂਰ।
ਜਿਥੇ ਹਰ ਸ਼ੈ
ਐਥੇ ਨਾਲੋਂ ਵੱਖਰੀ ਵੱਖਰੀ
ਹਰ ਪਾਸੇ ਹੈ ਉਹਦਾ ਨੂਰ।

ਜਿਥੇ ਹਰ ਕੋਈ
ਦਰਸ਼ਨ ਲੋਚੇ
ਝਲਕ ਜੇ ਮਿਲ ਜਾਏ ਇਕ ਵਾਰ।
ਇਸੇ ਆਸ ਤੇ

ਉਹਦੇ ਬੂਹੇ ਖੜ੍ਹੇ ਨੇ
ਪੀਰ, ਪੈਗੰਬਰ ਤੇ ਅਵਤਾਰ।

ਸੂਰਜ ਚੰਦ ਨੇ
ਜੀਹਦੇ ਦੀਵੇ
ਇੰਦਰ ਜਿਸਦਾ ਭਰਦਾ ਪਾਣੀ।
ਕੋਈ ਉਸ ਦਾ
ਬਾਪ ਨਾ ਮਾਈ
ਨਾ ਕੋਈ ਉਹਦਾ ਜੱਗ ਤੇ ਹਾਣੀ।

ਕਿਸੇ ਦੀ ਉਹ
ਸਲਾਹ ਨਾ ਪੁੱਛੇ
ਆਪਣੀ ਮਰਜ਼ੀ ਦਾ ਉਹ ਮਾਲਕ।
ਹੁਕਮ ਉਹਦੇ ਵਿਚ
ਨੇ ਸਭ ਚਲਦੇ
ਕੀ ਔਰਤ ਹੈ, ਮਰਦ ਜਾਂ ਬਾਲਕ।

ਆਪ ਉਹੋ
ਅਗਾਂਹ ਨੂੰ ਹੋਕੇ
ਜਦ ਨਾਨਕ ਨੂੰ ਮਿਲਿਆ।
ਛੋਹ ਪਾਕੇ
ਆਪਣੇ ਪ੍ਰੀਤਮ ਦੀ
ਬਾਬੇ ਦਾ ਦਿਲ ਖਿੜਿਆ।
ਆਪਣੇ ਹੱਥੀਂ ਦੇ
ਅੰਮ੍ਰਿਤ ਦਾ ਪਿਆਲਾ
ਕਿਹਾ "ਨਾਨਕ ਤੂੰ ਪੀ।"
ਮਾਤ ਲੋਕ
ਵਿਚ ਜਾ ਤੂੰ ਮੁੜਕੇ
ਪਹਿਲਾਂ ਵਾਂਗ ਹੀ ਜੀ।



ਨਾਨਕ ਸਦਾ ਮੈਂ
ਨਾਲ ਹਾਂ ਤੇਰੇ
ਤੇਰੇ ਤੇ ਹਾਂ ਮੈਂ ਨਿਹਾਲ।
ਤੂੰ ਜਾ ਕੇ
ਸਾਂਭ ਲੋਕ ਧਰਤੀ ਦੇ
ਮੈਂ ਰੱਖੂੰਗਾ ਤੇਰਾ ਖਿਆਲ।

ਤੂੰ ਜਪਾਈਂ
ਮੇਰਾ ਨਾਂ ਲੋਕਾਂ ਨੂੰ
ਖੁਦ ਵੀ ਇਹਨੂੰ ਜਪਦਾ ਰਹੀਂ।
ਰਹੀਂ ਆਮ
ਗ੍ਰਿਹਸਤੀਆਂ ਦੇ ਵਾਂਗੂੰ
ਐਵੇਂ ਜੰਗਲਾਂ ਵਿਚ ਨਾ ਖਪਦਾ ਰਹੀਂ।

ਕਿਰਤ ਕਰਨੀ
ਲੋਕਾਂ ਨੂੰ ਦੱਸਣਾ
ਕਰ ਆਪਣੇ ਹੱਥੀਂ ਖੁਦ ਤੂੰ ਕਾਰ।
ਐ ਨਾਨਕ
ਹੁਣ ਤੇਰੇ ਮੋਢੀਂ
ਇਸ ਦੁਨੀਆ ਦਾ ਸਾਰਾ ਭਾਰ।

ਪਰ ਦੁਨੀਆ ਦੇ ਵਿਚ
ਰਹਿੰਦੇ ਹੋਇਆਂ ਵੀ
ਦੁਨੀਆ ਤੋਂ ਨਿਰਲੇਪ ਹੈ ਰਹਿਣਾ।
ਜਿਵੇਂ ਕੰਵਲ
ਰਹਿੰਦਾ ਜਲ ਅੰਦਰ
ਚੇਤੇ ਰਖੀਂ ਮੇਰਾ ਕਹਿਣਾ।

ਨਾਮ, ਦਾਨ
ਇਸ਼ਨਾਨ ਤੇ ਸੇਵਾ
ਚਿਤ ਲਾਕੇ ਸਿਮਰਨ ਕਰਦਾ ਰਹੀਂ।
ਛਕਦਾ ਰਹੀਂ
ਤੂੰ ਤਨ ਨੰਗਿਆਂ ਦੇ
ਭਰਦਾ ਰਹੀਂ
ਢਿੱਡ ਭੁੱਖਿਆਂ ਦੇ।

ਅੰਗ ਸੰਗ
ਮੈਂ ਨਾਲ ਹਾਂ ਤੇਰੇ
ਜਾਣੀ ਨਾ ਤੂੰ ਮੈਨੂੰ ਦੂਰ।
ਸਭ ਸ਼ਕਤੀਆਂ
ਮੈਂ ਦਿੱਤੀਆਂ ਤੈਨੂੰ
ਜਾ ਕੀਤਾ ਤੈਨੂੰ ਭਰਪੂਰ।

ਬਾਬੇ ਨਾਨਕ
ਆਖਿਆ, "ਸਾਈਂ
ਤੇਰਾ ਕਿਹਾ ਲਗੇ ਮੈਨੂੰ ਮਿੱਠਾ।"
ਲਫਜ਼ਾਂ ਨਾਲ
ਮੈਥੋਂ ਲਿਖ ਨਾ ਹੋਵੇ
ਜੋ ਮੈਂ ਏਥੇ ਅੱਖੀਂ ਡਿੱਠਾ।

ਧੰਨਵਾਦ ਕਰ ਸਕਾਂ
ਜਿਸ ਨਾਲ ਤੇਰਾ
ਮੇਰੇ ਕੋਲ ਉਹ ਬੋਲ ਨਹੀਂ।
ਤੋਲ ਸਕਾਂ
ਕਿਸ ਹੋਰ ਸ਼ੈ ਨਾਲ
ਐਸਾ ਕੋਈ ਤੋਲ ਨਹੀਂ।



ਦੁਨੀਆ ਦੇ
ਐਨੇ ਬੰਦਿਆਂ ਵਿਚੋਂ
ਰੁਤਬਾ ਮੈਨੂੰ ਦਿੱਤਾ ਖਾਸ।
ਜਿਉਂਦੇ ਜੀ
ਤੁਹਾਨੂੰ ਮਿਲਣ ਦੀ
ਮੈਨੂੰ ਨਹੀਂ ਸੀ ਕੋਈ ਆਸ।

ਸਭ ਕੁਛ
ਦਾਤਾ ਤੇਰਾ ਹੀ ਦਿੱਤਾ
ਜੋ ਭੀ ਇਸ ਗਰੀਬ ਦੇ ਪਾਸ।
ਤੂੰ ਸਾਈਂ
ਤੂੰ ਮਾਲਕ ਮੇਰਾ
ਮੈਂ ਤਾਂ ਤੇਰੇ ਚਰਨਾਂ ਦਾ ਦਾਸ।

ਹੁਕਮ ਤੁਹਾਡਾ
ਮੇਰੇ ਸਿਰ ਮੱਥੇ ਤੇ
ਜਿੰਨੀ ਦੇਰ ਤਕ ਤੁਹਾਡੇ ਦਿੱਤੇ ਸਾਹ।
ਕੋਸ਼ਿਸ਼ ਕਰੂੰਗਾ
ਤੋਰਨ ਦੀ ਲੋਕਾਂ ਨੂੰ
ਤੁਸਾਂ ਜੋ ਦਸੀ ਮੈਨੂੰ ਰਾਹ।

ਬਸ ਜੋੜੀ ਰਖੀਂ
ਆਪਣੇ ਚਰਨਾਂ ਨਾਲ
ਹੋਰ ਨਹੀਂ ਕੋਈ ਮੈਨੂੰ ਚਾਹ।
ਗੁਜ਼ਰਨ ਜੋ
ਤੇਰੀ ਯਾਦ ਦੇ ਅੰਦਰ
ਸਫ਼ਲ ਕਰੀਂ ਉਹ ਘੜੀਆਂ ਦਿਨ ਮਾਹ।

ਲੈ ਆਗਿਆ
ਸਾਈਂ ਦੇ ਕੋਲੋਂ
ਫੇਰ ਗੁਰੂ ਨਾਨਕ ਇੰਜ ਬੋਲੇ।
ਭੇਦ ਉਨ੍ਹਾਂ ਨੂੰ
ਜੋ ਸਮਝ 'ਚ ਆਏ
ਸਾਡੇ ਲਈ ਉਨ੍ਹਾਂ ਇੰਜ ਖੋਲ੍ਹੇ।

"੧ ਓ
ਸਤਿ ਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ
ਗੁਰ ਪ੍ਰਸਾਦਿ ॥ ਜਪੁ ॥
ਆਦਿ ਸਚੁ ਜੁਗਾਦਿ ਸਚੁ
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।"

ਤੁਰਨ ਲੱਗੇ
ਜਦ ਨਾਨਕ ਉੱਥੋਂ
ਹੱਥ ਸਾਈਂ ਦੇ ਚਰਨੀਂ ਲਾਇਆ।
ਦੇ ਕੇ ਉਨ੍ਹਾਂ
ਨਾਨਕ ਨੂੰ ਸਿਰੋਪਾ
ਆਪਣੇ ਮੁੱਖੋਂ ਇੰਜ ਫੁਰਮਾਇਆ।

"ਨਾਨਕ ਜਿਸ ਉਪਰ ਤੇਰੀ ਨਦਰਿ
ਤਿਸ ਉਪਰ ਮੇਰੀ ਨਦਰਿ।
ਜਿਸ ਉਪਰ ਤੇਰਾ ਕਰਮ
ਤਿਸ ਉਪਰ ਮੇਰਾ ਕਰਮ।
ਮੇਰਾ ਨਾਉਂ ਪਾਰਬ੍ਰਹਮ ਪਰਮੇਸਰ
ਤੇਰਾ ਨਾਉਂ ਗੁਰੂ ਪਰਮੇਸਰ।"



ਗੁਰੂ ਨਾਨਕ ਦੇਵ ਜੀ—ਭਾਈ ਬਾਲਾ ਤੇ ਮਰਦਾਨਾ ਸਹਿਤ


ਜਨਮ ਸਥਾਨ—ਗੁਰੂ ਨਾਨਕ ਦੇਵ ਜੀ



ਗੁਰਦੁਆਰਾ ਬਾਲ ਲੀਲਾ




ਦਰਸਨੀ ਡਿਉਢੀ ਜਿਥੋ ਲੰਘ ਕੇ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ ਤੇ ਪੁਜੀਦਾ ਹੈ



ਗੁਰਦੁਆਰਾ ਕਿਆਰਾ ਸਾਹਿਬ




ਗੁਰਦੁਆਰਾ ਸੱਚਾ ਸੌਦਾ




ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ)




ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ)



ਗੁਰੂ ਬਾਬਾ ਨਾਨਕ ਤੇ ਸੱਜਣ ਠੱਗ




ਮਦੀਨੇ ਵਿਖੇ ਗੁਰੂ ਨਾਨਕ ਦੇਵ ਜੀ



ਗੁਰੂ ਨਾਨਕ ਤੇ ਭਾਈ ਮਰਦਾਨਾ ਕਉਰੂ ਦੇਸ ਵਿਖੇ



ਸ਼ਹੀਦੀ ਸਾਕਾ—ਨਨਕਾਣਾ ਸਾਹਿਬ (ਫਰਵਰੀ, 1921)



ਇਹ ਸੰਗਮਰਮਰ ਦਾ ਸ਼ਹੀਦ ਗੰਜ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਹੈ। ਇਥੇ ਸਭ ਸ਼ਹੀਦਾਂ ਦਾ ਦਾਹ ਸੰਸਕਾਰ ਕੀਤਾ ਗਿਆ



ਸਚ ਖੰਡ ਛੱਡ
ਨਾਨਕ ਜੀ ਤੁਰ ਪਏ
ਗੀਤ ਉਨ੍ਹਾਂ ਦੀ ਯਾਦ ਦੇ ਗੌਂਦੇ।
ਆਪਣੇ ਮੂੰਹੋਂ
ਉਹ ਇੰਜ ਬੋਲਣ
ਮਾਤ ਲੋਕ ਦੇ ਵੱਲ ਨੂੰ ਔਂਦੇ।

"ਤੂ ਦਰੀਆਉ ਦਾਨਾ ਬੀਨਾ
ਮੈ ਮਛੁਲੀ ਕੈਸੇ ਅੰਤੁ ਲਹਾ ॥
ਜਹ ਜਹ ਦੇਖਾ ਤਹ ਤਹ ਤੂ ਹੈ
ਤੁਝ ਤੇ ਨਿਕਸੀ ਫੂਟਿ ਮਰਾ ॥ ੧ ॥
ਨ ਜਾਣਾ ਮੇਉ ਨ ਜਾਣਾ ਜਾਲੀ ॥
ਜਾ ਦੁਖੁ ਲਾਗੇ ਤਾ ਤੁਝੈ ਸਮਾਲੀ।"
(*ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ ੨੫)

ਐਧਰ ਭੈਣ ਨਾਨਕੀ ਨੂੰ
ਯਕੀਨ ਸੀ ਪੂਰਾ
ਡੁੱਬ ਨਹੀਂ ਸਕਦਾ ਤਾਰਨ ਵਾਲਾ।
ਮੇਹਰ ਜਿਹਦੇ ਤੇ
ਖਾਸ ਹੈ ਰੱਬ ਦੀ
ਕੌਣ ਜੰਮਿਆ ਉਹਨੂੰ ਮਾਰਣ ਵਾਲਾ।

ਨਿਕਲੇ ਜਦੋਂ
ਉਹ ਫੇਰ ਵੇਈ 'ਚੋਂ
ਖੁਸ਼ ਸੀ ਲੋਕੀ ਸਾਰੇ।
ਪਰ ਬਾਬਾ
ਮੂੰਹੋਂ ਕੁਛ ਨਾ ਬੋਲੇ
ਪੁੱਛ ਪੁੱਛ ਲੋਕੀ ਹਾਰੇ।

ਚੇਹਰਾ ਸੀ ਉਹਦਾ
ਦਗ ਦਗ ਕਰਦਾ
ਮਸਤੀ ਨਾਲ ਭਰੇ ਸੀ ਨੈਣ।
ਆਪ ਮੁਹਾਰੇ
ਡਿਗ ਡਿਗ ਲੋਕੀਂ
ਉਹਦੇ ਚਰਨੀਂ ਪੈਣ।

ਕੋਈ ਆਖੇ
ਇਹਦੇ ਸਿਰ ਵੱਜੀ
ਕੋਈ ਗੁੱਝੀ ਸੱਟ
ਦਿਖੌਣਾ ਚਾਹੀਦਾ
ਕਿਸੇ ਹਕੀਮ ਨੂੰ
ਭਾਵੇਂ ਦਿਸਦਾ ਨਹੀਂ ਕੋਈ ਫੱਟ।

ਔਰਤਾਂ ਆਖਣ
ਬੇਬੇ ਨਾਨਕੀ ਨੂੰ
ਭਰਕੇ ਆਪਣਾ ਗਲਾ।
"ਤਿੰਨ ਦਿਨ ਪਹਿਲਾਂ
ਭੈਣ ਸੀ ਲਗਦਾ
ਇਹ ਤਾਂ ਚੰਗਾ ਭਲਾ।
ਵੀਰ ਤੇਰੇ ਨੇ
ਚੁੱਪ ਕਿਉਂ ਵੱਟੀ
ਰਹਿੰਦਾ ਕਿਉਂ ਚੁੱਪਚਾਪ ਖਲਾ।
ਮੁੱਲਾ ਪੰਡਤ
ਸੱਦ ਕਢਾ ਲੈ
ਇਹਨੂੰ ਚੁੰਬੜੀ ਹੈ ਕੋਈ ਬਲਾ।"

"ਦੱਸੋ ਸਾਨੂੰ
ਕੁਝ ਤਾਂ ਦੱਸੋ



ਕੀ ਹੈ ਤੁਹਾਨੂੰ ਹੋਇਆ।"
ਕਿਸ ਨੇ
ਉਸ ਨੂੰ ਲਿਆ ਜੱਫੀ ਵਿਚ
ਕੋਈ ਫੜ ਚਰਨਾਂ ਨੂੰ ਰੋਇਆ।

ਪੁੱਛਣੋਂ ਜਦੋਂ
ਹਟੇ ਨਾ ਲੋਕੀਂ
ਬਾਬਾ ਬੁਲ੍ਹੀਆਂ ਦੇ ਵਿਚ ਹੱਸਿਆ।
ਫੇਰ ਕੁਝ ਦਿਨਾਂ ਦੇ ਮਗਰੋਂ
ਲੋਕਾਂ ਨੂੰ ਇੰਜ ਦੱਸਿਆ।

"ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥"
(*ਗੁਰੂ ਗ੍ਰੰਥ ਸਾਹਿਬ*, ਪੰਨਾ ੧੫੦)

ਅਕਾਲ ਪੁਰਖ ਦਾ
ਰੂਪ ਹੀ ਲਗਦਾ
ਉਹਨੂੰ ਹਰ ਇਨਸਾਨ।
ਉਹਦੀ ਨਜ਼ਰ 'ਚ ਸੀ
ਸਭ ਬਰਾਬਰ
ਕੀ ਹਿੰਦੂ ਕੀ ਮੁਸਲਮਾਨ।

ਸਾਰੀ ਦੁਨੀਆ ਦੇ
ਵਿਚ ਘੁੰਮ ਘੁੰਮ
ਉਸ ਦਿੱਤਾ ਲੋਕਾਂ ਨੂੰ ਸੁਨੇਹਾ।
ਉਹ ਹੀ
ਉਸ ਨੇ ਲੋਕਾਂ ਨੂੰ ਦੱਸਿਆ
ਡਿੱਠਾ ਸੀ ਉਸ ਜੇਹਾ।

ਪਰ ਉਸ ਦੀ ਕਹੀ ਹੋਈ
ਕੋਈ ਗੱਲ ਵੀ
ਅਸੀਂ ਨਾ ਪੱਲ੍ਹੇ ਬੰਨ੍ਹੀ।
ਕਰਦੇ ਰਹੇ
ਸਦਾ ਮਨਮਰਜ਼ੀ
ਨਾ ਗੱਲ ਕੋਈ ਉਹਦੀ ਮੰਨੀ।

ਸਭ ਨੂੰ
ਕੀ ਸਮਝਣਾ ਸੀ ਅਪਣਾ
ਗੱਡ ਲਈਆਂ ਵੱਖੋ-ਵੱਖਰੀਆਂ ਝੰਡੀਆਂ।
ਆਪਣੀ ਤੰਗ ਸੋਚਣੀ ਖਾਤਿਰ
ਆਪਸ ਵਿਚ ਪਾਈ
ਜਾਂਦੇ ਹਾਂ ਵੰਡੀਆਂ।

ਨਿੱਕੀਆਂ-ਨਿੱਕੀਆਂ ਗੱਲਾਂ ਉੱਤੇ
ਅਸੀਂ ਆਪਣੀ ਜ਼ਿੱਦ ਤੇ ਅੜਦੇ।
ਕੁਰਸੀਆਂ ਖਾਤਿਰ ਕੱਢ ਤਲਵਾਰਾਂ
ਅਸੀਂ ਨਿੱਤ ਗੁਰੂ ਘਰਾਂ 'ਚ ਲੜਦੇ।

ਸਿੱਖੋ ਤੁਹਾਡਾ ਕੰਮ ਹੈ ਸਿੱਖਣਾ
ਪਰ ਹੁਣ ਤਾਈਂ
ਤੁਸੀਂ ਕੁਛ ਨਹੀਂ ਸਿੱਖੇ।



ਫੋਲ ਲਵੋ
ਇਤਿਹਾਸ ਦੇ ਵਰਕੇ
ਜੋ ਤੁਸਾਂ ਨਾਲ ਖੂਨ ਦੇ ਲਿਖੇ।

"ਨਾ ਕੋਈ ਹਿੰਦੂ
ਨਾ ਮੁਸਲਮਾਨ" ਦਾ
ਉਸਨੇ ਜਗ ਤੇ ਹੋਕਾ ਲਾਇਆ।
ਵੰਡੀ ਪਾ ਲਈ ਵੱਖ ਵੱਖ ਧਰਮਾਂ ਦੀ
'ਭੱਜੀ' ਵਰਗਿਆਂ ਨੂੰ
ਇਹ ਸਮਝ ਨਾ ਆਇਆ।

## ਤੇਰੀ ਵੇਈਂ

*(ਬਹਾਦਰ ਸਿੰਘ ਸੰਧੂ ਦੇ ਇਕ ਲੇਖ ਤੇ ਆਧਾਰਿਤ)*
*ਦੇਸ ਪੰਜਾਬ, ਮਈ 1968*

ਐ ਬਾਬਾ
ਇਸ ਵੇਈਂ ਦਾ ਪਾਣੀ
ਕਈ ਸਾਲ
ਤੂੰ ਪੀਂਦਾ ਰਿਹਾ।
ਜਿਸ ਦੇ ਵਿਚ
ਤਿੰਨ ਦਿਨ ਚੁੱਭੀ ਮਾਰ ਕੇ
ਫੇਰ ਵੀ
ਤੂੰ ਜਿਉਂਦਾ ਰਿਹਾ।

ਉਹ ਵੇਈਂ
ਜਿਸ ਦੇ ਕੰਢੇ ਤੇ
ਤੂੰ ਇਲਾਹੀ ਹੁਕਮ ਸੀ ਲਿਆਇਆ।
ਉਹ ਵੇਈਂ
ਜਿਸ ਦੇ ਕੰਢੇ ਖੜ੍ਹਾ ਹੋ
ਤੁਸਾਂ ਨਾ ਹਿੰਦੂ ਨਾ ਮੁਸਲਮਾਨ ਦਾ



ਹੋਕਾ ਸੀ ਲਾਇਆ।

ਉਹ ਵੇਈਂ
ਜਿਸ ਦੇ ਦਰਖਤਾਂ ਉੱਤੇ
ਸਰਘੀ ਵੇਲੇ
ਭਾਂਤ-ਭਾਂਤ ਦੇ ਪੰਛੀ ਚਹਿਕਦੇ ਸੀ।
ਉਹ ਵੇਈਂ
ਜਿਸ ਦੇ ਕੰਢਿਆਂ ਤੇ
ਕਈ ਭਾਂਤ-ਭਾਂਤ ਦੇ
ਜੰਗਲੀ ਫੁੱਲ ਮਹਿਕਦੇ ਸੀ।

ਉਹ ਵੇਈਂ
ਜਿਸ ਦੇ ਵਾਤਾਵਰਣ ਵਿਚ
ਅਜੀਬ ਜਿਹਾ ਨਸ਼ਾ ਸੀ।
ਜਿੱਥੇ ਬੰਦਾ
ਸਭ ਕੁੱਛ ਭੁੱਲ
ਰੱਬ ਨੂੰ ਯਾਦ ਕਰਨ ਲੱਗ ਜਾਂਦਾ
ਬਣ ਜਾਂਦੀ ਐਸੀ ਦਸ਼ਾ ਸੀ।

ਉਹ ਵੇਈਂ
ਜਿਸ ਦੇ ਕੰਢੇ ਤੇ
ਤੇਰੀ ਜੋਤ ਇਲਾਹੀ ਜਗਦੀ ਸੀ।
ਉਹ ਵੇਈਂ
ਜੋ ਕਦੀ
ਸੁਰਗਾਂ ਦੀ ਨਦੀ ਲੱਗਦੀ ਸੀ।

ਉਸ ਵੇਈਂ ਵਿਚ
ਤੇਰੇ ਸ਼ਰਧਾਲੂ ਤੇਰੇ ਪਿੱਛੋਂ

ਗੰਗਾ ਨਾਲੋਂ ਸਮਝ ਪਵਿੱਤਰ
ਇਸ ਵਿਚ ਨਹਾਉਂਦੇ ਸੀ।
ਉਸ ਵੇਈਂ ਵਿਚ
ਇਸ਼ਨਾਨ ਕਰਕੇ
ਉਹ ਕਈ ਸ਼ਰੀਰ ਦੇ ਰੋਗ ਹਟੌਂਦੇ ਸੀ।

ਉਸ ਵੇਈਂ ਦੇ ਕੰਢੇ
ਲੋਕੀਂ ਦੂਰੋਂ ਚੱਲ-ਚੱਲ
ਹਜ਼ਾਰਾਂ ਦੀ ਗਿਣਤੀ ਵਿਚ ਔਂਦੇ ਸੀ।
ਉਸ ਵੇਈਂ ਦੇ ਕੰਢਿਆਂ ਤੇ
ਹਰ ਸਾਲ ਉਹ
ਮਾਘੀ ਤੇ ਵੈਸਾਖੀ ਦੇ ਮੇਲੇ ਲੌਂਦੇ ਸੀ।

ਉਹ ਵੇਈਂ
ਜਿਸ ਦਾ ਪਾਣੀ
ਸਾਨੂੰ ਅੰਮ੍ਰਿਤ ਵਰਗਾ ਸੀ।
ਉਸ ਪਾਣੀ ਦੀਆਂ
ਦੋ ਘੁੱਟਾਂ ਪੀਣ ਦੀ
ਹਰ ਇਕ ਸਿੱਖ ਨੂੰ ਤਾਂਘ ਸੀ।

ਉਸ ਵੇਈਂ ਨੂੰ
ਕਈ ਸਾਲ ਪਹਿਲਾਂ ਮਿਲੀ
ਤੇਰੇ ਚਰਨਾਂ ਦੀ ਛੋਹ ਸੀ।
ਇਸੇ ਕਰਕੇ ਤੇ
ਉਸ ਵੇਈਂ ਨਾਲ
ਸਾਡਾ ਐਨਾ ਮੋਹ ਸੀ।
ਪਰ ਅੱਜ
ਇੰਜ ਲੱਗਦਾ ਹੈ



ਤੇਰੇ ਲੋਕਾਂ ਨੇ
ਮਨਮੁਖਤਾ ਦਾ ਪੱਲਾ ਫੜ ਕੇ
ਖ਼ੁਦਕੁਸ਼ੀ ਕਰੀ ਹੋਈ ਹੈ।
ਅੱਜ ਉਹੀ ਵੇਈਂ
ਕੰਢਿਆਂ ਤੀਕਰ
ਗੰਦ ਨਾਲ ਭਰੀ ਹੋਈ ਹੈ।

ਜੇ ਉਹਦਾ ਪਾਣੀ
ਚਮੜੀ ਨੂੰ ਲੱਗ ਜਾਵੇ
ਤਾਂ ਰੋਗ ਹਟੌਣ ਦੀ ਬਜਾਏ
ਉਹ ਰੋਗ ਲਾ ਦੇਂਦਾ ਹੈ।
ਇਕ ਬਾਰ
ਜੇ ਕੋਈ ਗਲਤੀ ਨਾਲ
ਉਸ ਵਿਚ ਨਾਹ ਲਵੇ
ਉਹਨੂੰ ਸਾਰੀ ਉਮਰ ਲਈ
ਡਾਕਟਰਾਂ ਤੇ ਵੱਸ ਪਾ ਦੇਂਦਾ ਹੈ।

ਉਹਦਾ ਤੇਜ਼ਾਬੀ ਪਾਣੀ
ਜੇ ਕੱਪੜਿਆਂ ਤੇ ਲਗ ਜਾਵੇ
ਉਹਨੂੰ ਫਾੜ ਦਿੰਦਾ ਹੈ।
ਆਲੇ ਦੁਆਲੇ ਦੀ
ਹਰੀਆਂ ਫਸਲਾਂ ਨੂੰ
ਲਗਦਿਆਂ ਸਾਰ ਹੀ ਸਾੜ ਦੇਂਦਾ ਹੈ।

ਉਹਦੇ ਆਲੇ-ਦੁਆਲੇ
ਹੁਣ ਦਰਖਤ ਨਹੀਂ
ਤੇ ਨਾ ਹੀ
ਪੰਛੀਆਂ ਦੀ ਚਹਿਕ ਹੈ।

ਉਹਦੀ ਹਵਾ ਵਿਚ
ਹੁਣ ਨਹੀਂ ਰਹੀ
ਉਹ ਪਹਿਲਾਂ ਵਾਲੀ ਮਹਿਕ ਹੈ।

ਉਸ ਦੀ ਹਵਾ ਵਿਚ
ਪਹਿਲੇ ਤੋੜ ਦੀ ਸ਼ਰਾਬ ਨਾਲੋਂ ਵੀ
ਵੱਧ ਹੈ ਨਸ਼ਾ।
ਜੇ ਕੋਈ ਥੋਹੜੇ ਜਿਹੇ ਸਾਹ
ਉਹਦੇ ਕੰਢੇ ਤੇ ਲੈ ਲਵੇ
ਸ਼ਰਾਬੀਆਂ ਵਾਲੀ ਹੋ ਜਾਂਦੀ ਹੈ ਦਸ਼ਾ।

ਉਹਦੇ ਕੰਢੇ
ਰਹਿਣ ਵਾਲਿਆਂ ਤੇ
ਅੱਜ ਆਇਆ ਐਸਾ ਸਮਾਂ ਹੈ।
ਕਿਸੇ ਨੂੰ ਚਮੜੀ ਦਾ ਰੋਗ
ਕਿਸੇ ਨੂੰ ਹੋਇਆ ਦਮਾ ਹੈ।

ਹੁਣ ਲੋਕੀ
ਉਹਨੂੰ ਦੁਖਾਂ ਦੀ ਜੜ ਸਮਝ
ਉਹ ਦੇ ਨੇੜੇ ਔਂਦੇ ਨਹੀਂ।
ਹੁਣ ਕਦੀ
ਉਹਦੇ ਕੰਢਿਆਂ ਤੇ
ਮਾਘੀ ਤੇ ਵੈਸਾਖੀ ਦੇ ਮੇਲੇ ਲੌਂਦੇ ਨਹੀਂ।

ਉਹ ਦੇ ਕੰਢਿਆਂ ਤੇ
ਜੇ ਕਿੱਤੇ ਭੁੱਲ ਭੁਲੇਖੇ
ਕੋਈ ਪਸ਼ੂ ਚਰਦੇ ਨੇ।
ਜ਼ਹਿਰ ਭਰਿਆ ਚਾਰਾ ਖਾ
ਉਹ ਬਿਨ ਮੌਤੋਂ ਹੀ ਮਰਦੇ ਨੇ।



ਉਹ ਮੱਛੀਆਂ
ਜਿਨ੍ਹਾਂ ਕਦੀ ਤੇਰੇ ਨਾਲ
ਤਾਰੀਆਂ ਲਾਈਆਂ ਸਨ
ਉਹ ਅੱਜ ਮਰ ਗਈਆਂ।
ਆਪਣੀ ਥਾਂ
ਉਹ ਗੰਦਗੀ ਦੇ ਕੀੜੇ
ਤੇ ਜ਼ਹਿਰੀਲੇ ਸੱਪਾਂ ਲਈ
ਖਾਲੀ ਕਰ ਗਈਆਂ।

ਉਹ ਦੇ ਕੰਢਿਆਂ
ਆਲੇ ਦੁਆਲੇ ਹੁਣ
ਇਨਸਾਨ ਨਹੀਂ
ਹਿੰਦੂ, ਸਿੱਖ ਜਾਂ ਮੁਸਲਮਾਨ ਵਸਦੇ ਨੇ।
ਇਕ ਦੂਏ ਦੇ
ਪਿਛਵਾੜੇ ਆਪਣਾ ਗੰਦ ਸੁੱਟ
ਆਪਣੀ ਚਤੁਰਾਈ ਤੇ ਹੱਸਦੇ ਨੇ।

ਸਾਡੇ ਧਰਮ ਤੇ
ਸਾਡੇ ਦੇਸ ਦੇ ਰਹਿਬਰਾਂ ਨੂੰ
ਇਸ ਦਾ ਕੋਈ ਫਿਕਰ ਨਹੀਂ।
ਕੁਰਸੀ ਤੋਂ ਸਿਵਾ
ਉਹ ਕਦੇ
ਹੋਰ ਕਿਸੇ ਗੱਲ ਦਾ
ਕਰਦੇ ਜ਼ਿਕਰ ਨਹੀਂ।

ਬਾਹਰੋਂ ਆਏ ਲੋਕ
ਆਪਣੇ ਨੱਕ ਘੁੱਟ ਕੇ
ਉਹਦੇ ਪੁਲਾਂ ਨੂੰ ਪਾਰ ਕਰਦੇ ਨੇ।

ਕਿਤੇ ਕੋਈ
ਬਲਾ ਨਾ ਚੰਬੜ ਜਾਵੇ
ਉਹਦੇ ਕੋਲ ਔਣ ਤੋਂ ਡਰਦੇ ਨੇ।

ਪੰਜਾਬ ਵਿਚ
ਇਨਕਲਾਬ ਆਏ ਨੂੰ
ਹਾਲੇ ਹੋਈ ਅੱਧੀ ਸਦੀ ਹੈ।
'ਭੱਜੀ' ਉਸਦੇ ਕਾਰਨ ਹੀ
ਇਹ ਵੇਈਂ ਬਣ ਗਈ
ਅੱਜ ਨਰਕਾਂ ਦੀ ਵੈਤਰਨੀ ਨਦੀ ਹੈ।

## ਰੱਬ ਬਾਬਾ

ਕੱਲ੍ਹ ਰਾਤੀਂ ਮੇਰੇ ਸੁਪਨੇ ਦੇ ਵਿਚ
ਬਾਬਾ ਨਾਨਕ ਆਇਆ।
ਉੱਤਰ ਕੇ ਇਕ ਬੇੜੀ ਵਿਚੋਂ
ਉਸ ਪੈਰ ਧਰਤੀ ਤੇ ਪਾਇਆ।
ਬੜੇ ਸਾਦੇ ਸੀ ਉਹ ਦੇ ਕੱਪੜੇ
ਹੱਥ ਵਿਚ ਨਹੀਂ ਸੀ ਮਾਲਾ।
ਨਾਲ ਉਹਦੇ ਨਹੀਂ ਸੀ ਮਰਦਾਨਾ
ਨਾ ਹੀ ਦਿੱਸਿਆ ਬਾਲਾ।

ਦੇਖ ਉਹਦੇ, ਸੋਹਣੇ ਚਰਨਾਂ ਨੂੰ
ਮੈਂ ਹੱਥ ਉਨ੍ਹਾਂ ਨੂੰ ਲਾਇਆ।
ਲੈ ਲਵੇ ਉਹ ਮੈਨੂੰ ਬੁੱਕਲ ਵਿਚ
ਦਿਲ ਮੇਰੇ ਇਹ ਚਾਹਿਆ।

ਬਾਬਾ ਆਖੇ ਮੈਂ ਨਹੀਂ ਰੱਬ
ਹੱਥ ਨਾ ਮੈਨੂੰ ਲਾਓ।

ਲੰਘ ਜਾਣ ਦਿਓ ਮੈਨੂੰ ਇੱਥੋਂ
ਸਭ ਪਾਸੇ ਹੱਟ ਜਾਓ।

ਮੈਂ ਕਿਹਾ ਬਾਬਾ ਤੂੰ ਕੁਛ ਵੀ ਆਖੇਂ
ਮੇਰੇ ਲਈ ਤਾਂ ਤੂੰ ਹੀ ਸਭ ਹੈਂ।
'ਭੱਜੀ' ਕੀ ਜਾਣੇ ਰੱਬ ਕਿੱਥੇ ਹੈ
ਉਹਦੇ ਲਈ ਤਾਂ ਤੂੰ ਹੀ ਰੱਬ ਹੈਂ।

## ਅਗਨ ਦੇਸ਼

ਜਿਸ ਦਿਨ
ਛਡਿਆ ਸੀ
ਮੁਲਕ ਆਪਣਾ
ਘਰਦਿਆਂ ਕੀਤੇ ਸ਼ਗਨ।
ਬਾਹਰ ਰਹਿ ਕੇ ਵੀ ਕਰਾਂਗਾ
ਦੇਸ਼ ਦੀ ਸੇਵਾ
ਸੀ ਦਿਲ ਵਿੱਚ ਬਸ ਇੱਕੋ ਲਗਨ।

ਅਰਦਾਸ ਹਮੇਸ਼ਾ
ਏਹੀ ਕੀਤੀ
ਬੁਝ ਜਾਣ ਭਾਵੇਂ ਮੇਰੇ ਘਰ ਦੇ ਦੀਵੇ
ਪਰ ਇਥੇ ਸਦਾ ਜਗਣ।

ਇਸ ਦੀ ਖੁਸ਼ਹਾਲੀ ਸੀ
ਸੁਪਨਾ ਮੇਰਾ
ਰਿਹਾ ਇਸ ਵਿੱਚ ਸਦਾ ਮਗਨ।
ਉਸ ਅਚਨਚੇਤ ਦੇਸ਼ 'ਚ ਮੇਰੇ
ਇਕ ਲਗ ਪਈ ਹਵਾ ਵਗਣ।

ਜਿਥੇ ਪਏ
ਅੱਜ ਭਰਾ ਭਰਾਵਾਂ ਨੂੰ
ਸ਼ਰ੍ਹੇਆਮ ਪਏ ਠੱਗਣ
ਭਾਰਤ ਮਾਂ ਨੂੰ
ਅੱਜ ਭਾਰਤ ਦੇ ਲੋਕਾਂ
ਕਰਕੇ ਛੱਡਿਆ ਨਗਣ
'ਭੱਜੀ' ਨਾਨਕ ਅਤੇ ਰਾਮ ਦੀ ਧਰਤੀ
ਕਿੰਝ ਬਣ ਗਈ ਦੇਸ਼ ਅਗਨ।

## ਸਾਕਾ ਨਨਕਾਣਾ ਸਾਹਿਬ
### (ਸ਼ਹੀਦ ਸਿੰਘਾਂ ਤੇ ਸਿੰਘਣੀਆਂ ਦੇ ਨਾਂ)

1

ਜਿਸ ਧਰਤੀ 'ਤੇ,
ਨਾਨਕ ਜੰਮਿਆ,
ਇਹ ਉਸ ਧਰਤੀ ਦੀ ਕਹਾਣੀ ਹੈ।
ਜਿਸ ਧਰਤੀ ਦੇ,
ਇਕ ਇਕ ਕਣ ਨੇ,
ਛੋਹ ਨਾਨਕ ਦੀ ਮਾਣੀ ਹੈ।
ਜਿਸ ਧਰਤੀ ਦੇ,
ਅੰਬਰ ਉੱਤੇ,
ਗੂੰਜਦੀ ਉਹਦੀ ਬਾਣੀ ਹੈ।
ਉਸ ਧਰਤੀ ਦਾ,
ਹਾਲ ਦੇਖ ਕੇ,
ਅੱਜ ਅੱਖੀਂ ਆਉਂਦਾ ਪਾਣੀ ਹੈ।
ਲਿਖਣ ਲੱਗੀ,
ਅੱਜ ਖੂਨੀ ਸਾਕਾ,
ਰੋਂਦੀ ਕਲਮ ਨਿਮਾਣੀ ਹੈ।

2

ਦੁਨੀਆ ਲਈ,
ਜੋ ਸੀ ਚਾਨਣ ਵੰਡਦਾ,
ਘਰ ਉਹਦੇ ਵਿਚ, ਹਨੇਰਾ ਸੀ।
ਵੰਡੀਆਂ ਸੀ,
ਜਿਸ ਜੱਗ ਨੂੰ ਖੁਸ਼ੀਆਂ,
ਉਹਨੂੰ ਦੁੱਖਾਂ ਪਾਇਆ ਘੇਰਾ ਸੀ।

ਕਈ ਸਾਲ,
ਨਾਨਕ ਦੇ ਮਗਰੋਂ,
ਇਹਦਾ ਹਾਲ ਇਹ ਹੋਇਆ ਸੀ।
ਤੱਕਕੇ ਇਹਦੀ ਮਾੜੀ ਹਾਲਤ,
ਰਣਜੀਤ ਸਿੰਘ ਭੀ ਰੋਇਆ ਸੀ।

ਉਸ ਵੇਲੇ,
ਇਸ ਗੁਰਦੁਆਰੇ ਅੰਦਰ,
ਨਹੀਂ ਜਗਦੀ ਸੀ ਜੋਤ।
ਸੁੰਨਮੁਸਾਨ ਸੀ,
ਇਸਦੇ ਵਿਹੜੇ,
ਜਿਵੇਂ ਨੱਚ ਗਈ ਹੋਵੇ ਮੌਤ।

ਰਣਜੀਤ ਸਿੰਘ ਨੇ,
ਇਕ ਜਾਗੀਰ ਸੀ ਦਿੱਤੀ,
ਜੀਹਦੀ ਬੜੀ ਵੱਡੀ ਸੀ ਹੱਦ।
ਅਠਾਰ੍ਹਾਂ ਹਜ਼ਾਰ ਏਕੜ ਦਾ ਰਕਬਾ,
ਜੀਹਦੀ ਆਮਦਨ ਸੀ ਦੋ ਲੱਖ ਤੋਂ ਵੱਧ।

3

ਏਸ ਸਦੀ ਦੇ,



ਸ਼ੁਰੂ ਸ਼ੁਰੂ ਵਿਚ,
ਇਹ ਮਹੰਤ ਨਰੈਣ ਦਾਸ ਦਾ ਡੇਰਾ।
ਇਸ ਜਾਇਦਾਦ ਨੂੰ ਸੀ,
ਪਾਈ ਬੈਠੇ,
ਰਲ ਉਦਾਸੀ ਘੇਰਾ।

ਮਰਾਸਣ ਇਕ ਸੀ,
ਉਸਨੇ ਰੱਖੀ,
ਹੋਏ ਜਿਸ ਦੀ ਕੁੱਖੋਂ ਬੱਚੇ।
'ਉਦਾਸੀ' ਬਣਨ ਦਾ ਸੀ,
ਜੋ ਦਾਅਵਾ ਕਰਦੇ,
ਉਹ ਫੇਰ ਸੱਚੇ ਦੇ ਸੱਚੇ।

ਐਨੀ ਮਾਇਆ 'ਚੋਂ,
ਧਰਮ ਦੇ ਲੇਖੇ,
ਉਹ ਨਹੀਂ ਸੀ ਲਾਉਂਦਾ ਕੱਖ।
ਸਾਂਭ ਲੈਂਦਾ ਸੀ,
ਸਾਰਾ ਚੜ੍ਹਾਵਾ,
ਰੱਖਦਾ ਸੀ ਸਭ ਵੱਖ।
ਹਰਇਕ,
ਆਉਣ ਜਾਣ ਵਾਲੀ ਔਰਤ 'ਤੇ,
ਉਹ ਰੱਖਦਾ ਸੀ ਭੈੜੀ ਅੱਖ।

ਖੁੱਲਮ ਖੁੱਲ੍ਹਾ,
ਗੁਰਦੁਆਰੇ ਅੰਦਰ,
ਕਈ ਬਦਮਾਸ਼ ਸੀ ਆਉਂਦੇ।
ਅੰਦਰ ਬਹਿ,
ਉਹ ਪੀਂਦੇ ਦਾਰੂ,
ਕੰਜਰੀਆਂ ਨਾਲੇ ਨਚਾਉਂਦੇ।

4

ਉਨੀ ਸੌ ਅਠਾਰ੍ਹਾਂ 'ਚ,
ਇਕ ਫੌਜੀ ਨੇ,
ਸਿੰਧ ਤੋਂ ਆ ਕੇ,
ਏਥੇ ਲਈ ਪਨਾਹ।
ਉਸ ਦੀ ਤੇਰਾਂ ਸਾਲ ਦੀ ਬੱਚੀ ਨਾਲ,
ਇਕ ਭਾਈ ਨੇ ਕੀਤਾ
ਰਾਤ ਨੂੰ ਜਬਰ ਜ਼ਿਨਾਹ।

ਪਰ ਮਹੰਤ ਨੇ,
ਉਸ ਫੌਜੀ ਦੀ,
ਇਕ ਭੀ ਗੱਲ ਨਾ ਮੰਨੀ।
ਪਰ ਹੌਲੀ ਹੌਲੀ
ਇਹ ਘਟਨਾ ਪੈ ਗਈ,
ਕਈ ਸਿੱਖਾਂ ਦੇ ਕੰਨੀ।

ਫੇਰ ਜੜ੍ਹਾਂਵਾਲਾ ਤੋਂ
ਛੇ ਬੀਬੀਆਂ,
ਪੁੰਨਿਆਂ ਨਹਾਉਣ ਲਈ ਆਈਆਂ।
ਰਾਤ ਨੂੰ,
ਉਹਨਾਂ ਦੀ ਇੱਜ਼ਤ ਲੁੱਟ ਲਈ,
ਰਲ ਏਥੋਂ ਦਿਆਂ ਕਸਾਈਆਂ।

5

ਉੱਨੀ ਸੌ ਬੀਹ ਦੇ,
ਅਕਤੂਬਰ ਨੂੰ,
ਧਾਰੋਵਾਲ ਹੋਇਆ ਦੀਵਾਨ।



ਮਤਾ ਉਹਨਾਂ,
ਇਹ ਪਾਸ ਸੀ ਕੀਤਾ,
ਸਿੱਖ ਮਹੰਤ ਨੂੰ ਸਮਝਾਣ।
ਮਾੜੇ ਰਾਹ ਤੋਂ,
ਉਹਨੂੰ ਹਟਾ ਕੇ,
ਸਿੱਧੀ ਰਾਹੇ ਪਾਣ।

ਉਧਰ ਮਹੰਤ ਨੇ ਭੀ,
'ਕੱਠੇ ਕਰ ਲਏ,
ਆਪਣੇ ਚੇਲੇ ਬਾਲਕ।
ਸੱਠ ਜਣਿਆਂ ਰਲ,
ਇਹ ਮਤਾ ਪਕਾਇਆ,
ਨਰੈਣ ਦਾਸ ਹੈ ਮਾਲਕ।

ਪੈਸਾ ਕਰ,
ਸੱਠ ਹਜ਼ਾਰ ਇਕੱਠਾ,
ਕੱਢਿਆ 'ਸੰਤ ਸੇਵਕ' ਉਸ ਪਰਚਾ।
ਜਿਸ ਰਾਹੀਂ,
ਉਹ ਗੁੰਮਰਾਹ ਸੀ ਕਰਦਾ,
ਕਰ ਕਰ ਝੂਠੀ ਚਰਚਾ।

ਉਹਦਾ ਇਕ,
ਸਲਾਹਕਾਰ ਸੀ,
ਕਰਤਾਰ ਸਿੰਘ ਬਾਬਾ ਇਹ ਬੇਦੀ।
ਨਿੱਜੀ ਸਵਾਰਥਾਂ ਕਾਰਨ ਹੀ
ਉਹ ਨਾਲ ਸੀ ਉਹਦੇ,
ਵੈਸੇ ਵੀ ਸੀ ਉਹਦਾ ਭੇਤੀ।

ਚੋਰ, ਡਾਕੂ,
ਬਦਮਾਸ਼ ਲੁਟੇਰੇ,
ਇਕੱਠੇ ਕਰ ਲਏ ਲੁੱਚੇ ਲੰਡੇ।
ਹੌਲੀ ਹੌਲੀ,
ਹਥਿਆਰ ਇਕੱਠੇ ਕਰ,
ਉਸ ਆਪਣੇ ਲੋਕਾਂ ਵਿਚ ਵੰਡੇ।

ਇਸਦੇ ਵਿੱਚ,
ਉਹਦੇ ਆਪਣੇ ਪੱਲਿਓਂ,
ਫਟਕਰੀ ਲੱਗੀ ਨਾ ਹਿੰਗ।
ਉਸ ਦੇ ਪਿੱਛੇ
ਬੋਲ ਰਿਹਾ ਸੀ,
ਵੱਡਾ ਸਾਹਿਬ ਲਾਹੌਰ ਦਾ 'ਕਿੰਗ'।

6

ਪੰਥਕ ਆਗੂਆਂ ਰਲ,
ਸਲਾਹ ਬਣਾਈ,
ਉਹਨੂੰ ਮਾਰਚ ਵਿਚ ਮਿਲਣੇ ਦੀ।
ਪਰ ਮਹੰਤ ਦੀ ਨਹੀਂ,
ਕੋਈ ਸੀ ਇੱਛਾ,
ਗੁਰਦੁਆਰੇ 'ਚੋਂ ਹਿੱਲਣੇ ਦੀ।

ਇਕ ਸੂਹੀਏ ਆ,
ਸਿੱਖਾਂ ਨੂੰ ਦੱਸਿਆ,
ਮਹੰਤ ਨੇ ਮਤਾ ਪਕਾਇਆ।
ਮਾਰ ਦੇਣਾ ਹੈ,
ਉਸ ਹਰ ਸਿੱਖ ਆਗੂ,
ਜੋ ਮਾਰਚ ਵਿਚ ਆਇਆ।



ਸਿੱਖਾਂ ਨੂੰ,
ਇਹ ਪਤਾ ਲੱਗ ਗਿਆ,
ਫਰਵਰੀ ਵਿਚ ਨਹੀਂ ਮਹੰਤ ਨੇ ਹੋਣਾ।
ਉਹਨਾਂ ਦਿਨ ਵਿਚ,
ਲਿਆ ਜਥਿਆਂ ਨੂੰ,
ਸੀ ਆਪਣਾ ਹੱਕ ਜਮਾਉਣਾ।

ਇਸ ਮੰਤਵ ਲਈ,
ਉੱਨੀ ਸੋ ਇੱਕੀ ਵਿਚ,
ਬੀਹ ਫਰਵਰੀ ਦਾ ਦਿਨ ਧਰਿਆ।
ਨਨਕਾਣਾ ਸਾਹਿਬ,
ਆਜ਼ਾਦ ਕਰਾਉਣ ਲਈ,
ਕੂਚ ਕਈ ਜਥਿਆਂ ਨੇ ਕਰਿਆ।

7

ਭਾਈ ਲਛਮਣ ਸਿੰਘ ਤੇ,
ਟਹਿਲ ਸਿੰਘ ਹੁਰਾਂ,
ਜਥਾ ਲਾਇਲਪੁਰ ਤੋਂ ਸੀ ਲਿਆਉਣਾ।
'ਝੱਬਰ' ਸਾਹਿਬ ਦੇ ਨਾਲ,
ਆਏ ਜੱਥੇ ਨਾਲ,
'ਕੱਠੇ ਚੰਦਰ ਕੋਟ ਸੀ ਹੋਣਾ।
ਫੇਰ ਉਥੋਂ ਚਲ,
ਸਭ ਨੇ ਇਕੱਠੇ,
ਨਨਕਾਣੇ ਸੀ ਆਉਣਾ।

ਪਤਾ ਲੱਗਾ,
ਜਦੋਂ ਸਮੁੰਦਰੀ ਤੇ ਤਾਰਾ ਸਿੰਘ ਨੂੰ,
ਉਹ ਇਹ ਗੱਲ ਨਾ ਮੰਨੇ।
ਕਹਿੰਦੇ,

ਮਾਰਚ ਦੀ,
ਜੋ ਤਾਰੀਖ ਰੱਖੀ ਹੈ,
ਉਹਨੂ ਨਾ ਕੋਈ ਭੰਨੇ।

ਮਨਾ ਲਿਆ,
ਕਰਤਾਰ ਸਿੰਘ ਉਹਨਾਂ ਨੇ,
ਪਾ ਕੇ ਆਪਣਾ ਜ਼ੋਰ।
ਪਰ ਕੌਣ ਰੋਕੇਗਾ,
ਲਛਮਣ ਸਿੰਘ ਨੂੰ,
ਇਹ ਮੁਸ਼ਕਲ ਬਣ ਗਈ ਹੋਰ।

ਦੇ ਕੇ ਉਹਨਾਂ,
ਪੰਥ ਵੱਲੋਂ ਚਿੱਠੀ,
ਦਲੀਪ ਸਿੰਘ ਨੂੰ ਘੱਲਿਆ।
ਨਾਲ ਲੈ ਕੇ,
ਉਹ ਤਿੰਨ ਘੋੜ ਸਵਾਰਾਂ ਨੂੰ,
ਚੰਦਰ ਕੋਟ ਵੱਲ ਚੱਲਿਆ।

**8**

ਇਸ ਵਿਚ ਭੀ ਸ਼ਾਇਦ,
ਲੁਕਿਆ ਹੋਇਆ ਸੀ,
ਕੋਈ ਕਿਸਮਤ ਦਾ ਖੇਲ।
ਭਾਲਦਾ ਰਿਹਾ,
ਉਹ ਲਛਮਣ ਸਿੰਘ ਨੂੰ,
ਪਰ ਨਾ ਹੋਇਆ ਮੇਲ।

ਆਖਰ ਨੂੰ,
ਚਾਰ ਵਜੇ ਸਵੇਰੇ,
ਉਹ ਜਾ ਪਹੁੰਚੇ ਨਨਕਾਣੇ।



ਥੱਕਿਆ ਹੋਇਆ,
ਉਹ ਸੌਣ ਦੇ ਲਈ,
ਜਾਹ ਪਹੁੰਚਾ ਉੱਤਮ ਸਿੰਘ ਦੇ ਟਿਕਾਣੇ।
ਭੇਜ ਦਿੱਤਾ,
ਇਕ ਆਪਦਾ ਬੰਦਾ,
ਜਨਮ ਸਥਾਨ ਦੇ ਵੱਲ।
ਕਿਹਾ ਉਸਨੂੰ,
ਰੋਕੀਂ ਹਰ ਸਿੱਖ ਨੂੰ,
ਜੋ ਭੀ ਆਏ ਚੱਲ।

ਉਧਰ,
ਲਛਮਣ ਸਿੰਘ ਲੈ,
ਬਾਈ ਸਿੱਖਾਂ ਨੂੰ,
ਉੱਨੀ ਤਾਰੀਖ ਨੂੰ ਚੱਲਿਆ।
ਰਸਤੇ ਦੇ ਵਿਚ,
ਇਕ ਸੌ ਪੰਜਾਹ ਸਿੱਖਾਂ ਨੇ,
ਰਾਹ ਨਨਕਾਣੇ ਦਾ ਮੱਲਿਆ।

ਚੰਦਰ ਕੋਟ ਵੱਲ,
ਕੁੱਛ ਭੇਜ ਕੇ ਬੰਦੇ,
ਨਨਕਾਣੇ ਵੱਲ ਉਹਨਾਂ,
ਕਰ ਲਏ ਆਪਣੇ ਮੂੰਹ।
ਉਧਰ ਕਿਸੇ ਤਰ੍ਹਾਂ,
ਮਹੰਤ ਨੂੰ ਸਾਰੀ,
ਮਿਲ਼ ਗਈ ਸੀ ਇਹ ਸੂਹ।

ਹਰ ਇਕ ਸਿੱਖ ਨੂੰ,
ਸ਼ਾਂਤ ਰਹਿਣ ਦੀ,
ਦਿੱਤੀ ਹਦਾਇਤ ਖਾਸ।

ਗੁਰਦੁਆਰਾ ਸਾਹਿਬ ਦੇ,
ਕੋਲ ਪਹੁੰਚ ਕੇ,
ਉਹਨਾਂ ਕੀਤੀ ਇੰਜ ਅਰਦਾਸ।

**9**

'ਐ ਨਾਨਕ,
ਤੇਰੀ ਦਿੱਤੀ ਜਿੰਦੜੀ ਨੂੰ,
ਅੱਜ ਤੇਰੇ ਲੇਖੇ ਲਾਉਣਾ ਹੈ।
ਇਸ ਪਾਪੀ ਦੇ,
ਪਾਪਾਂ ਨੂੰ,
ਅੱਜ ਲਹੂ ਆਪਣੇ ਨਾਲ ਧੋਣਾ ਹੈ।
ਤਾਕਤ ਦੇਵੀਂ,
ਤੂੰ ਸਾਨੂੰ ਮਾਲਕ,
ਅਸੀਂ ਹੁਣ ਪਿੱਛੇ ਮੁੜੀਏ ਨਾ।
ਕਾਮਯਾਬੀ ਜੇ,
ਮਿਲੀ ਨਾ ਸਾਨੂੰ,
ਮੁੜ ਟੱਬਰਾਂ ਨਾਲ ਜੁੜੀਏ ਨਾ।
ਕਹਿਰ ਭਾਵੇਂ,
ਉਹ ਕਿੰਨਾ ਢਾਵੇ,
ਹੱਥ ਅਸੀਂ ਨਾ ਚੁੱਕੀਏ।
ਖੜ੍ਹਾ ਕਰ ਦੇਵੇ ਭਾਵੇਂ,
ਤੂਫਾਨ ਉਹ ਅੱਗ ਦਾ,
ਅਸੀਂ ਕਦੇ ਨਾ ਰੁਕੀਏ।
ਕੱਟਕੇ ਹੋ ਜਾਈਏ,
ਭਾਵੇ ਟੋਟੇ ਟੋਟੇ,
ਪਰ ਜ਼ੁਲਮ ਅੱਗੇ ਨਾ ਝੁਕੀਏ।'



**10**

ਤੁਰਨ ਲੱਗੇ,
ਜਦ ਕਰ ਅਰਦਾਸਾ,
ਪਹੁੰਚ ਗਿਆ ਇਕ ਭਾਈ।
ਕਹਿੰਦਾ ਸਿੰਘੋ,
ਤੁਹਾਡੇ ਲਈ ਹੈ,
ਇਹ ਇਕ ਚਿੱਠੀ ਆਈ।

ਜਿਸ ਵਿਚ ਕਿਹਾ,
ਦਲੀਪ ਸਿੰਘ ਨੇ,
ਇਹ ਕੰਮ ਨਹੀਂਓਂ ਕਰਨਾ।
ਪੰਥ ਦੀ ਤੁਹਾਨੂੰ,
ਇਜਾਜ਼ਤ ਨਹੀਂ ਹਾਲੇ,
ਪੈਰ ਨਾ ਅੰਦਰ ਧਰਨਾ।

ਦੁਬਿਧਾ ਦੇ ਵਿਚ,
ਫਸ ਗਿਆ ਲਛਮਣ ਸਿੰਘ,
ਇਸ ਦੀ ਨਹੀਂ ਸੀ ਆਸ।
ਇਕ ਪਾਸੇ ਸੀ,
ਹੁਕਮ ਪੰਥ ਦਾ,
ਦੂਜੇ ਪਾਸੇ ਅਰਦਾਸ।

**11**

ਸ਼ਸ਼ੋਪੰਜ ਵਿਚ,
ਦੇਖ ਲਛਮਣ ਸਿੰਘ ਨੂੰ,
ਟਹਿਲ ਸਿੰਘ ਜੋਸ਼ 'ਚ ਆਇਆ।
ਤੁਰਦਿਆਂ ਹੋਇਆਂ,

ਉਹ ਗੁਰੂ ਘਰ ਵੱਲ ਨੂੰ,
ਆਪਣਾ ਫੈਸਲਾ ਸੁਣਾਇਆ।

'ਵਕਤ ਨਹੀਂ,
ਇਹ ਹੁਣ ਸੋਚਣ ਦਾ,
ਨਹੀਂ ਦੋ-ਚਿੱਤੇ ਹੋਣਾ।
ਇਹ ਸਭ ਹੈ,
ਹੁਣ ਉਹਦੇ ਹਵਾਲੇ,
ਹੋਊ ਜੋ ਉਹਨੂੰ ਭੋਣਾ।

ਵਕਤ ਇਹ,
ਸਿਦਕ ਅਜ਼ਮਾਉਣ ਵਾਲਾ ਹੈ,
ਫੇਰ ਨਹੀਂ ਵੇਲਾ ਆਉਣਾ।
ਮੁੜ ਗਏ ਪਿੱਛੇ,
ਜੇ ਅੱਜ ਤੁਸੀਂ ਇਥੋਂ,
ਪਊ ਸਾਰੀ ਉਮਰ ਪਛਤਾਉਣਾ।

ਕੋਈ ਗਿਲਾ ਨਹੀਂ ਮੈਨੂੰ,
ਜੇ ਕੋਈ ਮੇਰੇ ਨਾਲ ਨਾ ਆਵੇ।
ਖੁਸ਼ਕਿਸਮਤੀ ਇਹ ਹੋਵੇਗੀ ਮੇਰੀ,
ਜੇ ਜਾਨ ਮੇਰੀ ਲੇਖੇ ਲਗ ਜਾਵੇ।'

ਪੱਕਾ ਦੇਖ,
ਟਹਿਲ ਸਿੰਘ ਦਾ ਇਰਾਦਾ,
ਸਭ ਨੇ ਉਸ ਵੱਲ ਤੱਕਿਆ।
ਫੇਰ ਟੁਰ ਪਏ ਸਭ,
ਆਪਣੀ ਮੰਜ਼ਿਲ ਵੱਲ,
ਉਹ ਭਾਈ ਰੋਕ ਨਾ ਸਕਿਆ।



## 12

ਛੇ ਵਜੇ ਸਵੇਰੇ,
ਦਰਸ਼ਨੀ ਦਰਵਾਜ਼ੇ ਰਾਹੀਂ,
ਅੰਦਰ ਦਾਖਲ ਹੋ ਗਏ ਸਾਰੇ।
ਅੰਬਰ ਦਾ ਰੰਗ,
ਲਾਲ ਹੁੰਦਾ ਤੱਕ ਕੇ,
ਲੁਕ ਰਹੇ ਸੀ ਤਾਰੇ।
ਸਿੰਘ ਜਾ ਪਹੁੰਚੇ
'ਚੌਖੰਡੀ' ਕੋਲ,
ਛਡਦੇ ਹੋਏ ਜੈਕਾਰੇ।

ਗ੍ਰੰਥ ਸਾਹਿਬ ਦਾ,
ਪ੍ਰਕਾਸ਼ ਕਰਨ ਲਈ,
ਭਾਈ ਲਛਮਣ ਸਿੰਘ ਬਹਿ ਗਏ।
ਨਾਲ ਆਏ ਹੋਏ,
ਰਾਗੀ ਜਥੇ ਨੂੰ,
ਆਸਾ ਦੀ ਵਾਰ ਲਈ ਕਹਿ ਗਏ।

ਗੂੰਜ ਉਠੀ,
ਅਲਾਹੀ ਬਾਣੀ,
ਵੱਜਣ ਲੱਗ ਪਏ ਸਾਜ਼।
ਹਰ ਪਾਸੇ 'ਤੇ,
ਆ ਰਹੀ ਸੀ,
ਵਾਹਿਗੁਰੂ, ਵਾਹਿਗੁਰੂ ਦੀ ਆਵਾਜ਼।

ਬਾਜਾ ਜਦੋਂ,
ਨਾਲ ਸੁਰ ਦੇ ਵੱਜਾ,
ਤੇ ਢੰਮ ਢੰਮ ਢੋਲਕੀ ਖੜਕੀ।
ਮਹੰਤ ਨਰੈਣ ਦਾਸ ਦੀ,

ਰਾਕਸ਼ ਬੁੱਧੀ,
ਪੂਰੇ ਜੋਸ਼ ਨਾਲ ਭੜਕੀ।

ਬੰਦ ਕਰਕੇ,
ਦੋਵੇਂ ਵੱਡੇ ਬੂਹੇ,
ਸ਼ੁਰੂ ਕਰ ਦਿੱਤੀ ਉਸ ਗੋਲੀ।
ਸਿੰਘ ਸੂਰਮੇ,
ਨਾਲ ਮੌਤ ਦੇ,
ਖੇਲਣ ਲੱਗ ਪਏ ਹੋਲੀ।

ਛੱਤਾਂ ’ਤੇ ਬੈਠੇ,
ਕਈ ਸਾਧ ਉੱਤੋਂ,
ਇੱਟਾਂ ਵੱਟੇ ਮਾਰਨ।
ਕਈ ਸਿੰਘ,
ਹੋ ਜਖ਼ਮੀ ਡਿੱਗੇ,
ਇਹਨਾਂ ਸੱਟਾਂ ਦੇ ਕਾਰਨ।

**13**

ਉਹ ਆਏ ਜਦ,
‘ਚੌਖੰਡੀ’ ਲਾਗੇ,
ਬੰਦ ਸੀ ਬੂਹੇ ਸਾਰੇ।
ਕਰਕੇ ਉਹਨਾਂ ਵਿਚ ਮੋਰੀਆਂ,
ਉਨ੍ਹਾਂ ਥਿੰਨ੍ਹ ਥਿੰਨ੍ਹ ਨਿਸ਼ਾਨੇ ਮਾਰੇ।

ਗੋਲੀ ਲੱਗੀ,
ਲਛਮਣ ਸਿੰਘ ਦੇ ਸੀਨੇ,
ਉਹ ਹੋ ਗਿਆ ਢੇਰੀ।
ਅੰਦਰ ਬੈਠੇ,
ਨਿਹੱਥਿਆਂ ਨੂੰ ਮਾਰਨ ਵਿਚ,



ਨਾ ਲੱਗੀ ਬਹੁਤੀ ਦੇਰੀ।

ਗ੍ਰੰਥ ਸਾਹਿਬ ਦਾ,
ਹਰ ਇਕ ਪਤਰਾ,
ਨਾਲ ਖ਼ੂਨ ਦੇ ਲੱਥ ਪੱਥ ਹੋਇਆ।
ਥਿੰਨ੍ਹਿਆ ਦੇਖ,
ਉਹਨੂੰ ਨਾਲ ਗੋਲੀਆਂ,
ਹਰ ਇਕ ਸਿੱਖ ਸੀ ਰੋਇਆ।

ਛਵੀਆਂ, ਟਾਕੂਆਂ
ਤੇ ਨਾਲ ਗੰਡਾਸਿਆਂ,
ਹਰ ਇਕ ਸਿੱਖ ਉਹਨਾਂ ਵੱਢਿਆ।
ਅੰਦਰ ਗਏ,
ਉਸ ਜਥੇ ਦੇ ਵਿਚੋਂ,
ਕੋਈ ਨਾ ਜਿਉਂਦਾ ਛੱਡਿਆ।

ਬਾਰ੍ਹਾਂ ਸਾਲ ਦਾ,
ਇਕ ਛੋਟਾ ਮੁੰਡਾ,
ਲੁਕ ਗਿਆ ਮੰਜੀ ਸਾਹਿਬ ਦੇ ਥੱਲੇ।
ਉਹਨੂੰ ਭੀ,
ਉਥੋਂ ਕੱਢਣ ਦੇ ਲਈ,
ਉਸ ਗੁੰਡੇ ਆਪਣੇ ਘੱਲੇ।

**14**

ਆਵਾਂਜ਼ ਸੁਣ ਕੇ,
ਗੋਲੀਆਂ ਦੀ ਠਾਹ ਠਾਹ,
ਕਈ ਸਿੱਖ ਉਥੇ ਆਏ।

ਉਹਨਾਂ ਪਿੱਛੋ ਭੀ,
ਮਹੰਤ ਨਰੈਣੂ,
ਆਪਣੇ ਹਲਕੇ ਕੁੱਤੇ ਲਾਏ।

ਕਹਿੰਦਾ,
'ਛੱਡਿਓ ਨਾ ਅੱਜ,
ਕੋਈ ਸਿੱਖ ਐਸਾ,
ਜਿਸ ਦੇ ਸਿਰ ਤੇ ਬਾਲ।'
ਇਕ ਗੱਲ ਦੇ ਨਾਲ ਨਰੈਣੂ,
ਸੌ ਸੌ ਕੱਢੇ ਗਾਲ।

ਲੱਕੜਾਂ ਦਾ ਇਕ,
ਢੇਰ ਉਸ ਲਾ ਕੇ,
ਤੇਲ ਮਿੱਟੀ ਦਾ ਪਾਇਆ।
ਸੁੱਟ ਕੇ ਉਸ 'ਤੇ ਸਾਰੀਆਂ ਲਾਸ਼ਾਂ,
ਉਸ ਨੇ ਲਾਂਬੂ ਲਾਇਆ।

ਸਹਿਕਦੇ ਸੀ,
ਸਿੱਖ ਜੋ ਕਈ ਹਾਲੇ,
ਉਹ ਅੱਗ 'ਚੋਂ ਉਠਕੇ ਦੌੜੇ।
ਕੁੱਟ ਸੁੱਟੇ,
ਉਹ ਨਾਲ ਡਾਂਗਾਂ ਦੇ,
ਜਾਂ ਚਾੜ੍ਹ ਦਿੱਤੇ ਉਹਨਾਂ 'ਤੇ ਘੋੜੇ।

ਲੰਗਰ ਵਾਲੀ,
ਭੱਠੀ ਦੇ ਵਿੱਚ,
ਕਈ ਲਾਸ਼ਾਂ ਨੂੰ ਤੁੰਨਿਆ।
ਜਿਥੇ ਬਣਦਾ ਸੀ,
ਲੰਗਰ ਗੁਰਾਂ ਦਾ,
ਉਥੇ ਮਾਸ ਸਿੱਖਾਂ ਦਾ ਭੁੰਨਿਆ।



## 15

ਲਛਮਣ ਸਿੰਘ,
ਅਧਮੋਏ ਨੂੰ,
ਉਹਨਾਂ ਨਾਲ ਜੰਡ ਪੁੱਠਾ ਲਟਕਾਇਆ।
ਪਾ ਕੇ ਉਸ 'ਤੇ,
ਤੇਲ ਮਿੱਟੀ ਦਾ,
ਉਹਨਾਂ ਨੇ ਲਾਂਬੂ ਲਾਇਆ।

ਮਿਲੀ ਖਬਰ,
ਜਦੋਂ ਦਲੀਪ ਸਿੰਘ ਨੂੰ,
ਉਹ ਝੱਟ ਪਟ ਉੱਥੇ ਆਇਆ।
ਵਰਿਆਮ ਸਿੰਘ ਭੀ,
ਨਾਲ ਸੀ ਉਹਦੇ,
ਉਹਨਾਂ ਵਾਸਤਾ ਮਹੰਤ ਨੂੰ ਪਾਇਆ।

ਦਲੀਪ ਸਿੰਘ ਦੀ,
ਨਾਲ ਮਹੰਤ ਦੇ,
ਚੰਗੀ ਸੀ ਜਾਣ ਪਛਾਣ।
ਉਮੀਦ ਉਹਨੂੰ ਸੀ,
ਸ਼ਾਇਦ ਉਹਦੇ ਆਖੇ,
ਕੁਛ ਸਿੱਖ ਹੀ ਬਚ ਜਾਣ।

'ਬੰਦ ਕਰਦੇ,
ਉਹ ਰੱਬ ਦੇ ਨਾਂ 'ਤੇ,
ਤੂੰ ਏਹ ਗੋਲਾ ਬਾਰੀ।
ਪੰਥ ਹਾਲੇ ਭੀ,
ਤੈਨੂੰ ਬਖਸ਼ ਦੇਵੇਗਾ,
ਕਿਉਂ ਮੱਤ ਗਈ ਤੇਰੀ ਮਾਰੀ।'

ਪਰ ਮਹੰਤ ਨੇ,
ਉਹਨੂੰ ਅਣਸੁਣਿਆ ਕਰ,
ਠਾਹ ਕਰ ਮਾਰੀ ਗੋਲੀ।
ਭਾਈ ਵਰਿਆਮ ਸਿੰਘ ਦੇ ਭੀ,
ਨਾਲ ਖੇਡ ਗਈ,
ਮੌਤ ਖੂਨ ਦੀ ਹੋਲੀ।

**16**

ਕੁਛ ਘੰਟਿਆਂ ਦੇ,
ਅੰਦਰ ਅੰਦਰ,
ਵਿਹੜਾ ਹੋ ਗਿਆ ਲਾਲ।
ਕਿਤੇ ਪਿਆ ਸੀ,
ਕੰਘਾ ਕਿਸੇ ਦਾ,
ਕਿਤੇ ਪਏ ਸੀ ਬਾਲ।

ਕਿਤੇ ਪਿਆ ਸੀ,
ਹੱਥ ਕਿਸੇ ਦਾ,
ਕਿਤੇ ਪਿਆ ਸੀ ਸਿਰ।
ਇਹ ਜੰਗੇ ਮੈਦਾਨ ਸੀ,
ਸਭ ਤੋਂ ਵੱਖਰਾ,
ਨਿਹੱਥੀ ਸੀ ਇਕ ਧਿਰ।

ਕਿੰਨਾ ਉਥੇ,
ਲਹੂ ਸੀ ਡੁੱਲ੍ਹਾ,
ਉਹ ਜਾਵੇ ਨਾ ਮਿਣਿਆ।
ਇਕ ਸੌ ਤੀਹ ਸਿੱਖ,
ਮਰੇ ਸੀ ਉਥੇ,
ਬਾਅਦ ਵਿਚ ਜਦੋਂ ਸੀ ਗਿਣਿਆ।



ਅੱਧਜਲੀਆਂ,
ਲਾਸ਼ਾਂ ਦੇ ਲੱਗੇ,
ਉਥੇ ਸੀ ਪੰਜ ਢੇਰ।
ਮਿਲਿਆ ਹੋਇਆ ਸੀ
ਉਹ ਨਾਲ ਪੁਲੀਸ ਦੇ,
ਉਹਨਾਂ ਕੀਤੀ ਡਾਢੀ ਦੇਰ।

ਨੌਂ ਵਜੇ,
ਉਥੇ ਰਾਤ ਨੂੰ ਆਕੇ,
ਫੌਜ ਮਹੰਤ ਨੂੰ ਫੜਿਆ।
ਨਾਲ ਉਹਦੇ,
ਦੋ ਖਾਸ ਬੰਦੇ ’ਤੇ,
ਛੱਬੀ ਪਠਾਣਾਂ ਨੂੰ,
ਲਿਜਾ ਲਾਹੋਰ ਜੇਲ੍ਹ ’ਚ ਡਕਿਆ।

**17**

ਖਾਸ,
ਇਸ ਗੁਰੂ ਘਰ ਦੇ ਅੰਦਰ,
ਪਿਆ ਸੀ ਇੱਜ਼ਤ ਨੂੰ ਡਾਕਾ।
ਸਿੰਘ ਸਾਰੇ,
ਉਹ ਨਾਲ ਲਹੂ ਦੇ,
ਲਿਖ ਗਏ ਖੂਨੀ ਸਾਕਾ।

ਪਚੱਤਰ ਸਾਲ
ਪੁਰਾਣੀ ਇਸ ਗੱਲ ਦਾ,
ਕਿਉਂ ਕਰਾਂ ਅੱਜ ਮੈਂ ਜ਼ਿਕਰ?
ਅੱਜ ਕਲ੍ਹ ਦੇ,
ਕੁਛ ਹਾਲਾਤ ਨੇ ਐਸੇ,
ਮੈਨੂੰ ਇਸਦਾ ਫਿਕਰ।

ਸਿੰਘੋ,
ਜੇ ਇਤਿਹਾਸ ਦੇ ਕੋਲੋਂ,
ਤੁਸਾਂ ਕੁਛ ਨਹੀਂ ਸੀ ਸਿੱਖਣਾ।
ਫੇਰ ਕਿਉਂ,
ਇਕ ਤੋਂ ਬਾਅਦ ਦੂਆ ਸਾਕਾ,
ਤੁਸਾਂ ਨਾਲ ਖ਼ੂਨ ਦੇ ਸੀ ਲਿਖਣਾ।

ਲਿਖੀ ਹੋਈ ਗੱਲ,
ਜੇ ਨਾਲ ਸਿਆਹੀ ਦੇ
ਭੁਲ ਜਾਂਦੀ ਕੁਛ ਅਰਸੇ ਬਾਦ।
ਲਿਖੀ ਹੋਈ ਗੱਲ,
ਜੋ ਨਾਲ ਲਹੂ ਦੇ,
ਰਹਿੰਦੀ ਉਹ ਸਦੀਆਂ ਤੱਕ ਯਾਦ।

ਨਰੈਣ ਦਾਸ ਦਾ,
ਕੁਲ ਐਨਾ ਵੱਡਾ,
ਨਹੀਂ ਦਿਸਦਾ ਕੋਈ ਅੰਤ।
ਹਰ ਗੁਰਦੁਆਰਾ ਹੈ,
ਮੱਲੀ ਬੈਠਾ,
ਕੋਈ ਨਾ ਕੋਈ ਸੰਤ।

'ਸੰਤ ਸਮਾਜ' ਦੇ,
ਨਾਂ ਦੇ ਹੇਠਾਂ,
ਇਹ ਐਸੀ ਕਰਦੇ ਚਰਚਾ।
ਇੰਜ ਨੰਗੇ,
ਫੇਰ ਕਿਸੇ ਨਰੈਣੂ,
ਸ਼ੁਰੂ ਕਰ ਦਿੱਤਾ,
'ਸੰਤ ਸੇਵਕ' ਦਾ ਪਰਚਾ।



ਮਾਇਆ ਦਾ,
ਇਹਨਾਂ ਨੂੰ ਨਹੀਂ ਘਾਟਾ,
ਇਹ ਅੰਨਾ ਕਰਦੇ ਖਰਚਾ।

ਸਿੱਖੀ ਤੋਂ ਕੋਹਾਂ,
ਜੋ ਦੂਰ ਨੇ ਬੈਠੇ,
ਉਹ ਦਸਦੇ ਕੀ ਹੈ ਸਿੱਖੀ।
ਇਸ ਆਪਣੇ,
ਪਰਚਾਰ ਦੇ ਲਈ,
ਇਹਨਾਂ ਨਵੀਂ ਮਰਿਯਾਦਾ ਲਿਖੀ।

ਭੋਲੇ ਭਾਲੇ ਸਿੱਖ,
ਦੇਖ ਗ੍ਰੰਥ ਸਾਹਿਬ ਨੂੰ,
ਫਸਣ ਇਹਨਾਂ ਦੇ ਜਾਲ।
ਗ੍ਰੰਥ ਸਾਹਿਬ ਤਾਂ
ਬੱਸ ਇਕ ਦਿਖਾਵਾ,
ਕੋਝੀ ਇਹਨਾਂ ਦੀ ਚਾਲ।

ਦਰਸ਼ਨੀ ਭਲਵਾਨ ਨੇ,
ਇਹ ਸਭ ਬਾਬੇ,
ਹੋਰ ਨਹੀਂ ਕੋਈ ਗੁਣ।
ਕੰਨੀ ਉਂਗਲਾਂ,
ਲੋਕੀਂ ਦੇ ਲੈਣ,
ਕਾਰੇ ਇਹਨਾਂ ਦੇ ਸੁਣ।
ਖਾ ਰਹੇ,
ਅੰਦਰੋ ਅੰਦਰ ਸਿੱਖੀ ਨੂੰ,
ਇਹੋ ਬਣਕੇ ਘੁਣ।

ਨਨਕਾਣਾ ਸਾਹਿਬ ਜਿਹੇ,
ਕਈ ਹੋਣਗੇ ਸਾਕੇ,
ਜੇ ਨਾ ਸਿੰਘੋ ਸੰਭਲੇ ਹੁਣ।
'ਭੱਜੀ' ਛੱਡਕੇ,
ਇਹ ਸਭ ਸਾਧ ਪਾਖੰਡੀ,
ਤੂੰ ਰਾਹ ਨਾਨਕ ਵਾਲੀ ਚੁਣ।

## ਚੰਦ ਦਾ ਸੁਨੇਹਾ

1

ਅਜ ਤਕਿਆ ਜਦ ਮੈਂ,
ਚੰਦ ਪੁੰਨਿਆਂ ਦਾ,
ਮੈਂ ਤਾਂ ਬੱਸ,
ਉਹਨੂੰ ਤੱਕਦਾ ਹੀ ਰਹ਼ਿ ਗਿਆ।
ਅਜੀਬ ਬੋਲੀ ਵਿਚ,
ਨਾਲ ਸੈਨਤਾਂ,
ਪਤਾ ਨਹੀਂ,
ਉਹ ਕੀ ਕੁਛ ਕਹਿ ਗਿਆ।
ਉਸ ਦੀਆਂ ਝਿੜਕਾਂ,
ਉਸਦੇ ਮੇਹਣੇ,
ਮੈਂ ਤਾਂ ਬੱਸ,
ਚੁਪ ਚਾਪ ਸਹਿ ਗਿਆ।
ਲੈ ਕੇ ਕਲਮ,
ਤੇ ਕੁਛ ਕਾਗਜ਼ ਮੈਂ,
ਇਕ ਪਾਸੇ ਹੋ,
ਲਿਖਣ ਬਹਿ ਗਿਆ।

ਵੱਡਾ ਸਾਰਾ,
ਉਸ ਹੋਕਾ ਭਰਿਆ,
ਭਰੀਆਂ ਅੱਖਾਂ,
ਨਾਲ ਉਸ ਪਾਣੀ।
ਫੇਰ ਹੌਲੀ ਹੌਲੀ,
ਕਰ ਕੇ ਹੌਸਲਾ,
ਸੁਣਾਈ ਉਸ ਨੇ ਇਹ
ਦੁੱਖਾਂ ਭਰੀ ਕਹਾਣੀ।

ਐ ਦੁਨੀਆਂ ਦੇ ਸਿੱਖੋ,
ਮੈਂ ਹੁਣੇ ਹੁਣੇ ਹੀ,
ਨਨਕਾਣੇ ਤੋਂ ਆਇਆ ਹਾਂ।
ਉਸ ਮਾਹੀ ਦੇ,
ਜਨਮ ਦਿਵਸ ਤੇ,
ਤੁਹਾਡੇ ਲਈ,
ਕੁਛ ਸੁਨੇਹੇ ਲਿਆਇਆ ਹਾਂ।

## 2

ਪੰਜ ਸੋ ਵਰ੍ਹੇ,
ਤੋਂ ਜ਼ਿਆਦਾ ਦੀ ਗੱਲ ਹੈ,
ਜਿਸ ਦਿਨ ਮਾਹੀ ਜੰਮਿਆ ਸੀ।
ਖੁਸ਼ੀਆਂ,
ਨਚ ਰਹੀਆਂ ਸੀ ਹਰ ਪਾਸੇ,
ਨਾਲ ਪਿਆਰ ਤ੍ਰਿਪਤਾ ਥੰਮਿਆ ਸੀ।

ਸਾਰੀ ਰਾਤ ਨਾ ਮੈਂ,
ਉਸ ਦਿਨ ਸੁੱਤਾ,
ਉਹਦੇ ਆਲੇ ਦੁਆਲੇ ਘੁੰਮਿਆ ਸੀ।



ਕਿੰਨਾ ਖੁਸ਼ ਸੀ,
ਮਹਿਤਾ ਕਾਲੂ,
ਉਨ੍ਹਾਂ ਨਾਲ ਪਿਆਰ ਦੇ,
ਮੂੰਹ ਮਾਹੀ ਮੇਰੇ ਦਾ ਚੁੰਮਿਆ ਸੀ।

ਹਰ ਵੇਹੜੇ,
ਅਜ ਝਾਤ ਮੈਂ ਮਾਰੀ,
ਲਭਿਆ ਉਹਨੂੰ ਬਥੇਰਾ ਸੀ।
ਪਰ ਸਾਰੇ,
ਨਨਕਾਣੇ ਅੰਦਰ,
ਨਾ ਨਜ਼ਰੀਂ ਆਇਆ,
ਮੈਨੂੰ ਮਾਹੀ ਮੇਰਾ ਸੀ।

ਉਥੇ ਜਨਮ ਦਿਨ ਵਰਗੀ,
ਗੱਲ ਨਾ ਕੋਈ,
ਮੌਤ ਵਰਗਾ ਸੱਨਾਟਾ ਹੈ।
ਇਕ ਗੱਲ ਹੋਵੇ,
ਤਾਂ ਤੁਹਾਨੂੰ ਦੱਸਾਂ,
ਉਥੇ ਹਰ ਸ਼ੈਅ ਦਾ ਘਾਟਾ ਹੈ।

ਚਾਨਣੀ ਵਿਚ ਦੀ,
ਚਾਨਣ ਦਿਸਦਾ,
ਨਿਸ਼ਾਨ ਸਾਹਿਬ ਵੀ ਪਾਟਾ ਹੈ।

ਲੰਗਰ ਵਿਚ,
ਪੀਪੇ ਸਭ ਖਾਲੀ,
ਨਹੀਂ ਚੁਟਕੀ ਭਰ ਵੀ ਆਟਾ ਹੈ।

ਖਾਣਾ ਖਾਣ ਨੂੰ,
ਨਹੀਂ ਕੋਈ ਭਾਂਡਾ,
ਨਾ ਹੀ ਪ੍ਰਸਾਦਿ ਲਈ ਬਾਟਾ ਹੈ।

3

ਉਸ ਵਿਹੜੇ ਵਿਚ,
ਕਈ ਸਾਲ ਪਹਿਲਾਂ,
ਲਛਮਣ ਸਿੰਘ ਲਟਕਾਇਆ ਸੀ।
ਸੌ ਤੋਂ ਵੱਧ,
ਨਿਹੱਥੇ ਸਿੱਖਾਂ ਨੂੰ,
ਜ਼ਾਲਮਾਂ ਨੇ ਝਟਕਾਇਆ ਸੀ।

ਫੜ ਕੇ ਉਹਨਾਂ,
ਦਲੀਪ ਸਿੰਘ ਨੂੰ,
ਜਿਉਂਦਾ ਭੱਠੀ ਵਿਚ ਤੁੰਨਿਆ ਸੀ।
ਜਿਵੇਂ ਕੋਈ ਹੈ,
ਮਾਸ ਨੂੰ ਭੁੰਨਦਾ,
ਇੰਜ ਉਹਨਾਂ ਉਹਨੂੰ ਭੁੰਨਿਆ ਸੀ।

ਜਨਮ ਸਥਾਨ ਤੇ,
ਨਾਲ ਜੰਡ ਦੇ ਹਾਲੇ,
ਰੂਹ ਲਛਮਣ ਸਿੰਘ ਦੀ ਭਟਕ ਰਹੀ।
ਅਣਗਹਿਲੀ,
ਜੋ ਸਿੱਖ ਕੌਮ ਦੀ,
ਉਹਦੀਆਂ ਅੱਖਾਂ 'ਚ ਖਟਕ ਰਹੀ।

ਸੜ ਚੁਕਿਆ,
ਕਈ ਸਾਲ ਉਹ ਪਹਿਲਾਂ,
ਪਰ ਰੂਹ ਉਹਦੀ ਅਜ ਸੜਦੀ ਹੈ।



ਲੜਿਆ ਸੀ,
ਓਹ ਨਾਲ ਨਰੈਣੂ,
ਪਰ ਰੂਹ ਸਿੱਖਾਂ ਨਾਲ ਲੜਦੀ ਹੈ।

ਉਹਦੀਆਂ ਅੱਖਾਂ 'ਚ,
ਤੱਕ ਕੇ ਪਾਣੀ,
ਮੈਨੂੰ ਰੋਣਾ ਆਇਆ ਹੈ।
ਮਾਹੀ ਮੇਰੇ ਦੇ,
ਜਨਮ ਸਥਾਨ ਦਾ,
ਹਾਲ ਜੋ ਸਿੱਖਾਂ ਬਣਾਇਆ ਹੈ।

4

ਅਠਾਰ੍ਹਾਂ ਹਜ਼ਾਰ,
ਏਕੜ ਦਾ ਮਾਲਕ,
ਕਦੇ ਹੁੰਦਾ,
ਇਹ ਗੁਰਦੁਆਰਾ ਸੀ।

ਪਰ ਵਾਂਗ ਫਕੀਰਾਂ,
ਉਹ ਅਜ ਖੜ੍ਹਾ ਹੈ,
ਬਣ ਕੇ ਇਕ ਵਿਚਾਰਾ ਸੀ।

ਪੰਜ ਸੌ ਕਮਰੇ,
ਜੋ ਹਨ ਆਲੇ ਦੁਆਲੇ,
ਸਾਰੇ ਪਏ ਉਹ ਖਾਲੀ ਨੇ।
ਉਸ ਬਾਗ ਨੇ,
ਕੀ ਹੈ ਖਿੜਨਾ,
ਛੱਡ ਜਾਂਦੇ ਜਿਸਦੇ ਮਾਲੀ ਨੇ।

ਬਾਲ ਲੀਲ੍ਹਾ ਵਿਚ,
ਜਦ ਮੈਂ ਤਕਿਆ,
ਮੈਨੂੰ ਦਿੱਸੀ ਬਚਿਆਂ ਦੀ ਢਾਣੀ ਨਹੀਂ।
ਕਿਸ ਨਾਲ ਖੇਡੂ,
ਮਾਹੀ ਮੇਰਾ,
ਮੈਨੂੰ ਦਿਸਦੇ ਉਹਦੇ ਹਾਣੀ ਨਹੀਂ।

ਪੱਟੀ ਸਾਹਿਬ ਦੇ,
ਅੰਦਰ ਤਕਿਆ,
ਉਹ ਪਹਿਲਾਂ ਵਾਲੇ ਠਾਠ ਨਹੀਂ।
ਮਾਹੀ ਨੇ,
ਜੋ ਮੋਲਵੀ ਨੂੰ ਦਸਿਆ,
ਪੜ੍ਹਦੇ ਉਥੇ ਉਹ ਪਾਠ ਨਹੀਂ।

**5**

ਕਿਆਰਾ ਸਾਹਿਬ,
ਜਿਥੇ ਮੇਰੇ ਮਾਹੀ ਦੀਆਂ,
ਗਾਈਆਂ ਮੱਝਾਂ ਚਰੀਆਂ ਸਨ।
ਮਾਹੀ ਮੇਰੇ ਦੇ,
ਪਿਆਰ ਦੇ ਸਦਕੇ,
ਉਹ ਹੋ ਗਈਆਂ ਹਰੀਆਂ ਭਰੀਆਂ ਸਨ।
ਪਰ ਬਿਨ ਮਾਹੀ,
ਮੈਨੂੰ ਇੰਜ ਉਹ ਜਾਪਣ,
ਜਿਵੇਂ ਉਹ ਡਰੀਆਂ ਡਰੀਆਂ ਸਨ।

ਹੋਰ ਅੰਦਰ,
ਜਦ ਝਾਤੀ ਮਾਰਨ ਲਈ,
ਆਪਣੇ ਪੱਬ ਮੈਂ ਥੋਹੜੇ ਚੁੱਕੇ ਸੀ।
ਕੀ ਚਰਨਗੀਆਂ,



ਮੱਝਾਂ ਉਥੇ,
ਘਾਹ ਵੀ ਪਏ ਉਥੇ ਸੁੱਕੇ ਸੀ।
ਉਹ ਪਹਿਲੇ ਵਾਲੀ,
ਰੌਣਕ ਨਹੀਂ,
ਮੈਨੂੰ ਦਾਣੇ ਲਗਦੇ ਮੁੱਕੇ ਸੀ।

ਸੱਪ ਨੇ ਜਿਥੇ,
ਛਾਂ ਉਹਨੂੰ ਕੀਤੀ,
ਪਰ ਅੱਜ ਸੱਪ ਉਹੀ ਡੰਗਦੇ ਨੇ।
ਉਹਨਾਂ ਦੇ ਡੰਗੇ,
ਮਰ ਜਾਂਦੇ ਛੇਤੀ,
ਉਹ ਪਾਣੀ ਵੀ ਨਾ ਮੰਗਦੇ ਨੇ।
ਪਾ ਕੇ ਛੋਹ,
ਮਾਹੀ ਦੇ ਚਰਨਾਂ ਦੀ,
ਉਹ ਜ਼ਹਿਰ ਫੈਲਾਉਂਦੇ ਨਾ ਸੰਗਦੇ ਨੇ।

**6**

ਜਿਸ ਦਰਖਤ ਨੇ,
ਛਾਂ ਮਾਹੀ ਨੂੰ ਕੀਤੀ,
ਅੱਜ ਦਿਨ ਐਸਾ ਆਇਆ ਹੈ।
ਉਸ ਰੁੱਖ ਨੂੰ ,
ਛੱਡ ਕੇ ਤੁਰ ਗਿਆ,
ਉਸ ਹੀ ਰੁੱਖ ਦਾ ਸਾਇਆ ਹੈ।

'ਸੱਚਾ ਸੌਦਾ',
ਕਰਨ ਦੇ ਮਗਰੋਂ,
ਮਾਹੀ ਜਿਥੇ ਲੁਕਿਆ ਸੀ।
ਤੱਕਕੇ ਹਾਲ,
ਉਸ ਜਗ੍ਹਾ ਦਾ,
ਸਿਰ ਮੇਰਾ ਸ਼ਰਮ ਨਾਲ ਝੁਕਿਆ ਸੀ।

ਇੰਜ ਲੱਗੇ,
ਜਿਵੇਂ ਤੰਬੂ ਸਾਹਿਬ ਦਾ,
ਤੰਬੂ ਅੱਜ ਪਿਆ ਹੋਵੇ ਪਾਟਾ।
ਜਾਂ ਫੇਰ ਕਿਸੇ,
ਨਵੀਂ ਵਿਧਵਾ ਦਾ,
ਸੋਗ 'ਚ ਖੁੱਲ੍ਹਾ ਹੋਵੇ ਝਾਟਾ।

ਅੱਜ ਕੋਈ ਨਾ,
ਖੜ੍ਹਾ ਪਹਿਰੇ ਤੇ,
ਖਾਲੀ ਪਈ ਹੈ ਅੱਜ ਛਾਉਣੀ।
ਕੀ ਪਤਾ ਸੀ,
ਉਹਨਾਂ ਨਿਹੰਗ ਸਿੰਘਾਂ ਨੂੰ,
ਅਖੀਰ ਹਾਲਤ ਇਹ ਹੈ ਹੋਣੀ।

7

ਰੋੜੀ ਸਾਹਿਬ,
ਮੈਂ ਜਾ ਕੇ ਤੱਕਿਆ,
ਥਾਂ ਥਾਂ ਉਤੇ ਪਏ ਨੇ ਰੋੜ।
ਉਹਨੂੰ ਦੇਖ ਕੇ,
ਵਿਚ ਪਿਆ ਲੱਗੇ,
ਸਿੱਖਾਂ ਦਾ ਹੋ ਗਿਆ ਝੁੱਗਾ ਚੋੜ।

ਐਮਨਾਬਾਦ,
ਜਿਥੇ ਮੇਰੇ ਮਾਹੀ ਨੇ,
ਬਾਬਰ ਦੀ ਸੀ ਪੀਹੀ ਚੱਕੀ।
ਇੰਜ ਲਗਦਾ,
ਉਹ ਹਾਲੇ ਚਲ ਰਹੀ,
ਹਾਲੀ ਤੀਕਰ ਨਾ ਉਹ ਥੱਕੀ।



8

ਲਾਲੋ ਦੇ ਘਰ,
ਆਟਾ ਹੈ ਨਹੀਂ,
ਭਾਗੋ ਲੈ ਗਿਆ,
ਸਭ ਕੁਛ ਲੁੱਟਕੇ।
ਲਭਦਾ ਨਹੀਂ
ਉਹਨੂੰ ਕਿਤੇ ਕੋਧਰਾ,
ਭਾਗੋ ਲੈ ਗਿਆ,
ਬੂਟਾ ਪੁੱਟਕੇ।

ਸਾਰੇ ਪਿੰਡ 'ਚੋਂ,
ਨਾ ਉਹਨੂੰ ਲਭਾ,
ਇਕ ਵੀ ਫੁਲਕਾ ਰੁੱਖਾ ਹੈ।
ਭਾਗੋ ਦੇ ਘਰ,
ਜਸ਼ਨ ਚਲ ਰਿਹਾ,
ਪਰ ਮਾਹੀ ਮੇਰਾ ਭੁੱਖਾ ਹੈ।

9

ਵਲੀ ਕੰਧਾਰੀ ਦੀ,
ਪਹਾੜੀ ਉਤੇ,
ਜਦ ਪੰਜਾ ਸਾਹਿਬ ਨੂੰ ਤਕਿਆ ਮੈਂ।
ਅੱਖੀਉਂ ਹੰਝੂ,
ਆਪੇ ਡੁੱਲ੍ਹ ਗਏ,
ਨਾ ਰੋਣੋਂ ਰਹਿ ਸਕਿਆ ਮੈਂ।

ਸੋਮਾ ਤਾਂ ਉਥੇ,
ਉਂਜ ਹੀ ਵਗਦਾ,
ਪਰ ਪਿਆਸ ਕਿਸੇ ਦੀ ਬੁਝਾਉਂਦਾ ਨਹੀਂ।

ਉਹ ਕਿਧਰ ਨੂੰ,
ਜਾਏ ਵਿਚਾਰਾ,
ਉਹਦੇ ਕੋਲ ਹੁਣ ਕੋਈ ਆਉਂਦਾ ਨਹੀਂ।

ਪੰਜਾ ਸਾਹਿਬ ਦੀ,
ਯਾਦ ਕਰ ਕੁਰਬਾਨੀ,
ਜੋ ਕੀਤੀ, 'ਪ੍ਰਤਾਪ ਤੇ ਕਰਮ ਸੀ।'
ਦੇਸ਼ ਪਿਆਰ 'ਚ,
ਵਾਰ ਕੇ ਜਾਨਾਂ,
ਉਹ ਨਿਭਾ ਗਏ,
ਆਪਣੇ ਧਰਮ ਸੀ।
ਪਰ ਅੱਜ ਦੀ,
ਹਾਲਤ ਦੇਖ ਕੇ,
ਉਹਨਾਂ ਦੀਆਂ ਰੂਹਾਂ ਨੂੰ,
ਆਉਂਦੀ ਬੜੀ ਸ਼ਰਮ ਸੀ।

ਸੋਚ ਰਹੇ ਹਨ,
ਕਾਹਦੇ ਲਈ,
ਅਸਾਂ ਗੱਡੀ ਨੂੰ,
ਏਥੇ ਅਟਕਾਉਣਾ ਸੀ।
ਜਦ ਉਸ ਗੱਡੀ ਤੇ,
ਫੇਰ ਕਦੇ ਵੀ,
ਨਹੀਂ ਕਿਸੇ ਵੀ ਸਿੱਖ ਨੇ ਆਉਣਾ ਸੀ।

**10**

ਵੱਡਾ ਸਾਰਾ,
ਉਹ ਦਰਖਤ ਬਣ ਗਿਆ,
ਜਿਥੇ ਦਾਤਨ ਮਾਹੀ ਨੇ ਗੱਡੀ ਸੀ।



ਪਰ ਅੱਜ ਉਹ,
ਜਿਵੇਂ ਕਿਸੇ ਜੰਗਲ ਵਿਚ,
ਵਾਂਗ ਲਾਵਾਰਸਾਂ ਛੱਡੀ ਸੀ।
ਪਤਾ ਨਹੀਂ,
ਕਿਸ ਨਾਲ ਕੁਹਾੜੀ,
ਅੱਜ ਟਾਹਣੀ,
ਕਾਹਦੇ ਲਈ ਵੱਢੀ ਸੀ।
ਆਪਣੇ ਪ੍ਰੀਤਮ ਦਾ,
ਮੁਖੜਾ ਚੁੰਮਣ ਲਈ,
ਉਹ ਵੇਖ ਰਹੀ,
ਚੁੱਕ ਚੁੱਕ ਅੱਡੀ ਸੀ।

**11**

ਚੱਪਾ ਚੱਪਾ,
ਇਸ ਧਰਤੀ ਦਾ,
ਜਦੋਂ ਮਾਹੀ ਮੇਰਾ ਘੁੰਮਿਆ ਸੀ।
ਫਿਰਦਾ ਰਿਹਾ,
ਮੈਂ ਉਹਦੇ ਪਿਛੇ ਪਿਛੇ,
ਉਹਦੇ ਪੈਰਾਂ ਦੀ ਮਿੱਟੀ ਨੂੰ ਚੁੰਮਿਆ ਸੀ।

"ਇਕ ਪਿਉ,
ਸਭ ਉਹਦੇ ਬੱਚੇ,
ਇਹ ਸਾਰੇ ਇਨਸਾਨ ਨੇ।"
ਪਰ ਅੱਜ ਫੇਰ ਨੇ
ਲੋਕੀਂ ਬਣ ਗਏ,
ਹਿੰਦੂ, ਸਿੱਖ, ਮੁਸਲਮਾਨ ਨੇ।
ਧਰਮਾਂ ਦੀ,
ਉਹ ਖੱਟੀ ਖਾ ਕੇ,
ਬਣ ਗਏ ਬੇਈਮਾਨ ਨੇ।

ਧਰਮਾਂ ਦੇ,
ਇਹਨਾ ਠੇਕੇਦਾਰਾਂ ਨੇ,
ਕਾਇਮ ਰੱਖਣੀ,
ਆਪਣੀ ਸਰਦਾਰੀ ਹੈ।
ਵੰਡਿਆ ਉਹਨੂੰ,
ਕਈ ਵਾਰ ਹੈ ਪਹਿਲਾਂ,
ਇਹ ਨਹੀਂ ਪਹਿਲੀ ਵਾਰੀ ਹੈ।

**12**

ਰਾਜਿਆਂ ਨਾਲੋਂ ਸੀ,
ਉਹ ਵੱਡਾ ਰਾਜਾ,
ਫਕੀਰਾਂ ਤੋਂ ਵੱਧ,
ਫਕੀਰ ਸੀ ਉਹ।
ਹਿੰਦੂਆਂ ਲਈ ਸੀ,
ਉਹ ਰੂਪ ਰੱਬ ਦਾ,
ਮੁਸਲਮਾਨਾਂ ਲਈ,
ਪੀਰ ਸੀ ਉਹ।

ਜਿਥੇ ਜਿਥੇ ਪੈਰ,
ਮਾਹੀ ਨੇ ਪਾਏ,
ਬਣ ਗਏ ਉਹ ਗੁਰਦੁਆਰੇ ਸੀ।
ਛੱਡ ਆਏ,
ਤੁਸੀਂ ਨਾਲ ਉਹਨਾਂ ਨੂੰ,
ਜਦ ਛੱਡੇ ਤੁਸਾਂ ਚੁਬਾਰੇ ਸੀ।

ਖਸਤਾ ਹਾਲਤ,
ਗੁਰੂ ਘਰਾਂ ਦੀ,
ਤਾਲਾਬਾਂ ਵਿਚ ਪਾਣੀ ਨਹੀਂ।



ਇਕ ਵਾਰ,
ਜੇ ਤੁਸੀਂ ਤੱਕ ਲਵੋ,
ਫੇਰ ਰੋਟੀ ਸੰਘ ਥੱਲੇ ਜਾਣੀ ਨਹੀਂ।

ਜਿਥੇ ਕਿਤੇ ਸੀ,
ਝਾੜਦੇ ਜੋੜੇ,
ਵੱਡੇ ਵੱਡੇ ਸਰਦਾਰ।
ਅੱਜ ਉਹਨਾਂ,
ਗੁਰੂ ਘਰਾਂ ਦੀ,
ਰਾਖੀ ਕਰਦੇ,
ਮੁਸਲਿਮ ਚੋਕੀਦਾਰ।

**13**

ਕਈ ਗੁਰਦੁਆਰਿਆਂ ਨੂੰ,
ਲੱਗੇ ਹੋਏ,
ਕਈ ਸਾਲਾਂ ਤੋਂ ਤਾਲੇ।
ਬਿਨਾਂ ਜੋਤ ਤੋਂ,
ਖਾਲੀ ਪਏ ਨੇ,
ਗੁਰੂ ਘਰਾਂ ਦੇ ਆਲੇ।
ਗਿੱਠ ਗਿੱਠ,
ਮਿੱਟੀ ਉੱਤੇ ਜੰਮੀ,
ਥਾਂ ਥਾਂ ਉਤੇ ਜਾਲੇ।
ਪਰ,
ਫਿਰ ਵੀ ਉਹ,
ਉਡੀਕ ਰਹੇ ਨੇ,
ਪਰਦੇਸੀ ਸਿੱਖਾਂ ਨੂੰ ਹਾਲੇ।

ਤਲਾਬਾਂ ਅੰਦਰ,
ਘਾਹ ਨੇ ਉੱਗੇ,
ਨਹੀਂ ਕਈ ਸਾਲਾਂ ਤੋਂ ਪੁੱਟੇ ਹੋਏ।

ਥਾਂ ਥਾਂ ਉਤੇ,
ਕੰਧਾਂ ਢੱਠੀਆਂ,
ਪੌਦੇ ਵੀ ਨੇ ਟੁੱਟੇ ਹੋਏ।

ਫਰਸ਼ਾਂ ਉੱਤੇ,
ਸੰਗਮਰਮਰ ਉਡ ਗਿਆ,
ਪਰਕਰਮਾਂ ਵਿਚ ਪਏ ਨੇ ਟੋਏ।
ਲੋਕਾਂ ਦੀਆਂ ਤਾਂ,
ਰੋਂਦੀਆਂ ਅੱਖਾਂ,
ਪਰ ਮੇਰਾ ਤਾਂ ਦਿਲ ਪਿਆ ਰੋਏ।

ਵੇਹੜਿਆਂ ਵਿਚ,
ਵੱਡੀਆਂ ਵੱਡੀਆਂ ਤ੍ਰੇੜਾਂ,
ਉਥੇ ਉੱਗੇ ਅੱਕ ਕਰੀਰਾਂ।
ਲਿਪ ਪੋਚ ਕੇ,
ਵਿਖਾਉਣ ਜੋ ਤੁਹਾਨੂੰ,
ਝੂਠ ਨੇ ਉਹ ਤਸਵੀਰਾਂ।
ਇੰਜ ਲਗਦਾ,
ਜਿਵੇਂ ਤਕਦੀਰ ਲਿਖਣ ਵਾਲੇ ਦੀਆਂ,
ਖੁਦ ਰੁੱਸ ਗਈਆਂ ਤਕਦੀਰਾਂ।

**14**

ਨੀਵੀ ਪਾ ਕੇ,
ਖੜ੍ਹੇ ਨੇ ਹੋਏ,
ਅੱਜ ਉਥੇ ਮੀਨਾਰ ਉਹਨਾਂ ਦੇ।
ਹੱਡ ਬੀਤੀ,
ਚੁੱਪ ਚਾਪ ਸੁਣਾਉਂਦੇ,
ਅੱਜ ਉਥੇ ਦੀਵਾਰ ਉਹਨਾਂ ਦੇ।



ਬਾਰੀਆਂ ਉਥੇ,
ਪਈਆਂ ਟੁੱਟੀਆਂ,
ਬੂਹੇ ਪਏ ਨੇ ਉੱਖੜੇ।
ਕਿਸ ਕੋਲ ਜਾ ਕੇ,
ਦਸ ਉਹ ਰੋਵਣ
ਆਪਣੇ ਦਿਲ ਦੇ ਦੁਖੜੇ।

ਕਈ ਸਾਲ ਤੋਂ,
ਉਹਨਾਂ ਨ ਤੱਕੇ,
ਸਿੱਖ ਦੇ ਸੋਹਣੇ·ਮੁਖੜੇ।
ਬਿਨਾਂ ਪਿਆਰ ਤੋਂ,
ਮਾਹੀ ਬਾਝੋਂ,
ਸੁੱਕ ਗਏ ਸਭ ਰੁਖੜੇ।

ਗੁਰਦੁਆਰਿਆਂ ਅੰਦਰ,
ਹੁਣ ਪ੍ਰਕਾਸ਼ ਨਾ ਹੁੰਦਾ,
ਬੰਨ੍ਹੀਆਂ ਪਈਆਂ ਨੇ ਬੀੜਾਂ।
ਦੇਖ ਦੇਖ ਕੇ,
ਇਹ ਆਪਣੀ ਅੱਖੀਂ,
ਵੱਧ ਰਹੀਆਂ ਨੇ ਦਿਲ ਦੀਆਂ ਪੀੜਾਂ।

ਜਿਥੇ ਕਿਤੇ ਸੀ,
ਕੀਰਤਨ ਹੁੰਦਾ,
ਅੱਜ ਉਥੇ ਪਏ ਉੱਲੂ ਬੋਲਣ।
ਤੱਕ ਕੇ ਸੁੰਨਮਸਾਨ ਉਹ ਵੇਹੜੇਂ,
ਲੱਪ ਲੱਪ ਅੱਖਾਂ ਹੰਝੂ ਡੋਲ੍ਹਣ।

ਖਿਟ ਖਿਟ ਨੰਗੀਆਂ,
ਇੱਟਾਂ ਤੱਕਣ,

ਕੋਈ ਲੈਂਦਾ ਉਹਨਾਂ ਦੀ ਸਾਰ ਨਹੀਂ।
ਖੜ੍ਹੀਆਂ ਇੰਜ ਹੀ,
ਕਈ ਸਾਲਾਂ ਤੋਂ,
ਕੋਈ ਢੱਕਣ ਲਈ ਤਿਆਰ ਨਹੀਂ।
ਇੰਜ ਲਗਦਾ ਹੈ,
ਜਿਵੇਂ ਗੁਰੂ ਘਰਾਂ ਦਾ,
ਹੁਣ ਸਿੱਖਾਂ ਨੂੰ ਆਉਂਦਾ ਪਿਆਰ ਨਹੀਂ।

**15**

ਜਿਥੇ ਕਿਤੇ ਸੀ,
ਲੋਕੀਂ ਵਸਦੇ,
ਅੱਜ ਆਲ੍ਹਣੇ ਕਬੂਤਰਾਂ ਪਾਏ ਨੇ।
ਲਿਪ ਪੋਚ ਕੇ,
ਥੋੜ੍ਹੀ ਜਗ੍ਹਾ ਬਣਾਈ,
ਜਦ ਸਿੱਖ ਪਰਦੇਸੀ ਆਏ ਨੇ।

ਆਪਣੇ ਹੀ,
ਪਿਉ ਦੇ ਘਰ ਅੰਦਰ,
ਤੁਸੀਂ ਬਣ ਗਏ ਅਜੇ ਬੇਗਾਨੇ ਹੋ।
ਖੁਦ ਨੂੰ ਤੁਸੀਂ,
ਭਾਵੇਂ ਜਿਉਂਦੇ ਸਮਝੋ,
ਪਰ ਮੈਨੂੰ ਲੱਗਦਾ ਬੇਜਾਨੇ ਹੋ।

ਜਿਹਨਾਂ ਸਿੱਖਾਂ ਨੂੰ,
ਮੈਂ ਜਾਣਦਾ ਹਾਂ,
ਉਹ ਤਾਂ ਸ਼ੇਰ ਮਰਦ ਸੀ।
ਸਿਰਫ ਆਪਣੇ ਲਈ,
ਨਹੀਂ ਸੀ ਇਕੱਲਾ,
ਸਭ ਧਰਮਾਂ ਲਈ ਦਰਦ ਸੀ।



**16**

ਆਪਣਾ ਘਰ,
ਭਲਾ ਕਦ ਕੋਈ ਛੱਡਦਾ,
ਪਰ ਤੁਸਾਂ ਨੇ,
ਉਸਨੂੰ ਛੱਡ ਦਿੱਤਾ।
ਅੱਖ ਓਹਲਿਉਂ,
ਹੋਣ ਦੇ ਮਗਰੋਂ,
ਤੁਸਾਂ ਦਿਲ ਵਿਚੋਂ ਵੀ,
ਉਹਨੂੰ ਕੱਢ ਦਿੱਤਾ।

ਉਏ ਤੁਸੀਂ,
ਰਾਜ ਭਾਗ ਨੂੰ,
ਛੱਡ ਕੇ ਤੇ,
ਗੱਲਾਂ ਕਰਦੇ ਹੋ,
ਸਿੱਖ ਰਾਜ ਦੀਆਂ।
ਸਿਰਤਾਜ ਤੁਹਾਡਾ,
ਅਜ ਰੁਲਦਾ ਹੈ,
ਗੱਲਾਂ ਕਰਦੇ ਹੋ,
ਕਿਹੜੇ ਤਾਜ ਦੀਆਂ?

ਜੇ ਕਿਸੇ ਨੇ,
ਤਬਾਹੀ ਤੱਕਣੀ,
ਨਾਲੇ ਸਿੱਖਾਂ ਦੀ ਸਰਦਾਰੀ।
ਇਕ ਝਲਕ ਵਿਚ,
ਸਭ ਦਿਸ ਪਏਗਾ,
ਨਨਕਾਣੇ ਆ ਇਕ ਵਾਰੀ।

ਉਹ ਨਨਕਾਣਾ,
ਜੋ ਸੀ ਪਿਆਰਾ ਹੁੰਦਾ,
ਕਦੇ ਸਿੱਖਾਂ ਨੂੰ,

ਵਧਕੇ ਆਪਣੇ ਸਾਹਾਂ ਤੋਂ।
ਖੁਰਾ ਖੋਜ,
ਅੱਜ ਉਹਨਾਂ ਦਾ ਮਿਟ ਗਿਆ,
ਉਸ ਨਨਕਾਣੇ ਦੀਆਂ ਰਾਹਾਂ ਤੋਂ।

**17**

ਰਾਵੀ ਕੰਢੇ,
ਜਿਥੇ ਮੇਰੇ ਮਾਹੀ ਨੇ,
ਲਾਇਆ ਅਖੀਰੀ ਡੇਰਾ ਸੀ।
ਰਾਤ ਚਾਨਣੀ,
ਵਿਚ ਮੈਂ ਤੱਕਿਆ,
ਉਹਨੂੰ ਫੌਜਾਂ ਪਾਇਆ ਘੇਰਾ ਸੀ।

ਉਸ ਦੀ,
ਅੱਜ ਮਜ਼ਾਰ ਦੇ ਉਤੇ,
ਰਾਤ ਨੂੰ ਘੁੱਪ ਹਨੇਰਾ ਸੀ।
ਦਫਨ,
ਮੈਂ ਵੀ ਹੋ ਜਾਂ,
ਨਾਲ ਮਾਹੀ ਦੇ,
ਇਹੀ ਦਿਲ ਕਰਦਾ ਮੇਰਾ ਸੀ।

ਕੰਧਾਂ ਨੂੰ ਹੈ,
ਤ੍ਰੇੜਾਂ ਆਈਆਂ,
ਥਾਂ ਥਾਂ ਤੇ ਖੇਪੜ ਲਹਿੰਦੇ ਨੇ।
ਢਹਿ ਕੇ,
ਹੋ ਗਏ ਢੇਰੀ ਕਾਫੀ,
ਢਹਿ ਜਾਣਗੇ ਜੋ ਬਾਕੀ ਰਹਿੰਦੇ ਨੇ।
ਪਤਾ ਨਹੀਂ,
ਸਿੱਖ ਕਿਸ ਮਿੱਟੀ ਦੇ,
ਕਿੰਜ ਇਹ ਜ਼ਿੱਲਤ ਸਹਿੰਦੇ ਨੇ।



ਪੰਥ ਵਿਛੜ ਕੇ,
ਆਪਣੇ ਸਿਰਜਨਹਾਰ ਨਾਲੋਂ,
ਭਰਿਆ ਪਿਆ ਹੈ ਜ਼ਹਿਮਤਾਂ ਦਾ।
ਪੁੱਤ ਜੇਕਰ,
ਬੇਦਾਵਾ ਦੇ ਆਏ,
ਫੇਰ ਨਹੀਂ ਹੱਕਦਾਰ,
ਬਾਪ ਦੀਆਂ ਰਹਿਮਤਾਂ ਦਾ।

**18**

ਚੁੱਪ ਚਾਪ ਸੀ,
ਮੇਰਾ ਮਾਹੀ ਬੈਠਾ,
ਲਾਇਆ ਜਨਮ ਦਿਨ ’ਤੇ,
ਉਸ ਨੇ ਭੋਗ ਨਹੀਂ।
ਨਬਜ਼ ਫੜੀ,
ਇਕ ਵੈਦ ਸੀ ਬੈਠਾ,
ਪਰ ਲਭਿਆ ਉਸਨੂੰ ਰੋਗ ਨਹੀਂ।

ਕਈ ਸਾਲਾਂ ਤੋਂ,
ਉਹ ਕਹਿੰਦੇ,
ਪਿਆ ਮੰਜੇ ’ਤੇ,
ਕਦੇ ਵੀ ਉਹੋ ਹੱਸਿਆ ਨਹੀਂ।
ਕਈ ਵੈਦ,
ਪੁਛ ਪੁਛ ਚਲੇ ਗਏ,
ਪਰ ਦੁੱਖ,
ਉਸ ਆਪਣਾ ਦੱਸਿਆ ਨਹੀਂ।

ਕਈ ਸਾਲਾਂ ਤੋਂ,
ਮੈਂ ਤੱਕ ਰਿਹਾ ਹਾਂ,
ਮੈਨੂੰ ਪਤਾ ਹੈ,

ਦੁੱਖ ਕੀ ਹੈ ਉਹਨੂੰ।
ਖਾਣਾ ਤਾਂ,
ਉਹ ਉਂਝ ਹੀ ਘੱਟ ਖਾਂਦਾ,
ਮੈਨੂੰ ਪਤਾ ਹੈ,
ਭੁੱਖ ਕੀ ਹੈ ਉਹਨੂੰ।

ਮਾਹੀ ਮੇਰੇ ਨੂੰ,
ਰੋਗ ਬਿਰਹੋਂ ਦਾ,
ਕਿਸੇ ਵੈਦ ਨੇ ਠੀਕ ਕਿਹਾ।
ਉਥੇ ਜਾ ਕੇ ਸਾਰ ਲਵੋ,
ਬੁੱਢੇ ਬਾਪ ਦੀ,
ਉਹ ਹਾਲੇ ਤੁਹਾਨੂੰ ਉਡੀਕ ਰਿਹਾ।

ਉਹ ਛੱਡ ਜਾਣ,
ਜਿਹਨੂੰ ਉਹਦੇ ਬੱਚੇ,
ਭਲਾ ਉਸ ਬਾਪੂ ਨੇ ਹੱਸਣਾ ਕੀ।
ਉਜਾੜਿਆ ਹੋਵੇ,
ਜੇ ਘਰ ਬਾਪੂ ਦਾ,
ਭਲਾ ਉਹਦੇ ਬਚਿਆਂ ਦਾ ਵੱਸਣਾ ਕੀ?

ਜਿੰਨੀ ਦੇਰ ਤੱਕ
ਭਿੜਿਆ ਰਹੇਗਾ।
ਨਨਕਾਣੇ ਦੇ ਵਿਚ
ਇਹ ਦਰ ਤੁਹਾਡਾ।
'ਭੱਜੀ' ਦੇ ਦੇ ਸੁਨੇਹਾ
ਸਿੱਖਾਂ ਤਾਈਂ
ਕਦੇ ਨਾ ਵਸੇਗਾ
ਕਿਤੇ ਘਰ ਤੁਹਾਡਾ।

## ਯਾਦ ਆਵੇ ਨਨਕਾਣਾ

**1**

ਬੇਵਤਨੇ ਅੱਜ ਲੋਕ ਅਸੀਂ ਹਾਂ
ਹੋਇਆ ਤੇਰਾ ਦਰ ਬੇਗਾਨਾ।
ਖੁੱਸਿਆ ਹੈ ਜਦ ਤੋਂ ਦਰ ਤੇਰਾ
ਨਾ ਕੋਈ ਰਿਹਾ ਟਿਕਾਣਾ।
ਨੈਣ ਕਟੋਰੇ ਭਰ ਭਰ ਡੁਲ੍ਹਣ
ਇਹ ਰੋਂਦਾ ਦਿਲ ਨਿਮਾਣਾ।
ਯਾਦ ਆਵੇ ਨਨਕਾਣਾ।

**2**

ਨਨਕਾਣੇ ਦੀ ਧਰਤੀ ਤੇ
ਇਕ ਨੰਨ੍ਹਾ ਬਾਲਕ ਜਾਇਆ।
ਚਾਰੇ ਪਾਸੇ ਖੁਸ਼ੀਆਂ ਨੱਚੀਆਂ
ਉਹ ਜਦੋਂ ਮੁਸਕਾਇਆ।
ਪਿਤਾ ਕਾਲੂ ਨੇ ਮੁਖੜਾ ਚੁੰਮਿਆ
ਮਾਂ ਤ੍ਰਿਪਤਾ ਨੇ ਗੋਦ ਬਿਠਾਇਆ।
ਮਾਈ ਦੌਲਤਾਂ ਦੇਖ ਕੇ ਬੋਲੀ
ਇਹ ਰੂਪ ਹੈ ਰੱਬ ਦਾ ਆਇਆ।

ਭੈਣ ਨਾਨਕੀ ਖ਼ੁਸ਼ੀ ਮਨਾਵੇ
ਗਾ ਸ਼ਗਨਾਂ ਦਾ ਗਾਣਾ।
ਯਾਦ ਆਵੇ ਨਨਕਾਣਾ।

3

ਪੜ੍ਹਨੇ ਗਿਆ ਜਦੋਂ ਸਕੂਲੇ
ਪਾਂਧੇ ਤਾਈਂ ਪੜ੍ਹਾਇਆ।
ਇਕ ਓਂਕਾਰ ਨਹੀਂ ਕੋਈ ਦੂਜਾ
ਉਸਨੇ ਸ਼ਬਦ ਸਿਖਾਇਆ।
ਹੱਕਾ ਬੱਕਾ ਪਾਂਧਾ ਤੱਕੇ
ਇਹ ਬੱਚਾ ਕੀ ਕਰਦਾ।
ਬਾਕੀ ਸਾਰੇ ਬੱਚਿਆਂ ਵਾਂਗੂੰ
ਇਹ ਕਿਉਂ ਨਹੀਓਂ ਪੜ੍ਹਦਾ।
ਜੋ ਮੈਂ ਤੈਨੂੰ ਦੱਸਿਆ ਪਾਂਧੇ
ਉਹ ਤੈਨੂੰ ਸਮਝ ਨਾ ਆਣਾ।
ਯਾਦ ਆਵੇ ਨਨਕਾਣਾ।

4

ਲੋਕੀ ਸਾਰੇ ਹੋ ਕੇ ਇਕੱਠੇ
ਗਏ ਉਨ੍ਹਾਂ ਦੇ ਘਰ ਆ।
ਮੰਤਰ ਯੰਤਰ ਪੜ੍ਹਕੇ ਸਾਰੇ
ਰਹੇ ਸੀ ਜੰਞੂ ਪਾ।
"ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ
ਹਈ ਤ ਪਾਡੇ ਘਤੁ ॥"
ਕੱਚੇ ਧਾਗੇ ਦਾ ਇਹ ਜੰਞੂ
ਮੈਂ ਨਾ ਗਲ ਵਿਚ ਪਾਣਾ।
ਯਾਦ ਆਵੇ ਨਨਕਾਣਾ।



5

ਇਕ ਦਿਨ ਹੁਕਮ ਪਿਤਾ ਦਾ ਮੰਨਕੇ
ਗਿਆ ਉਹ ਮੱਝੀਆਂ ਚਾਰਣ।
ਰੁੱਖ ਦੇ ਹੇਠਾਂ ਸੌਂ ਗਿਆ ਦਾਤਾ
ਏਸ ਥਕਾਵਟ ਕਾਰਨ।
ਮੱਝੀਆਂ ਜੱਟ ਦੀ ਫਸਲ ਉਜਾੜੀ
ਦੇਖਣ ਤੁਰ ਪਏ ਸਾਰੇ।
ਗਿੱਠ ਗਿੱਠ ਕਣਕਾਂ ਗਜ ਗਜ ਹੋਈਆਂ
ਲਈਆਂ ਪੈਣ ਹੁਲਾਰੇ।
ਜੱਟ ਨੂੰ ਕੋਈ ਸਮਝ ਨਾ ਆਵੇ
ਇਹ ਕੀ ਵਰਤਿਆ ਭਾਣਾ।
ਯਾਦ ਆਵੇ ਨਨਕਾਣਾ।

6

ਤੁਰਦਾ ਫਿਰਦਾ ਸਤਿਗੁਰ ਨਾਨਕ
ਜੰਗਲ ਦੇ ਵਿਚ ਆਇਆ।
ਸੁੱਤੇ ਪਏ ਨੂੰ ਸੂਰਜ ਢਲਿਆ
ਘੁੰਮਿਆ ਰੁੱਖ ਦਾ ਸਾਇਆ।
ਧੁੱਪੇ ਸੁੱਤੇ ਪਏ ਨੂੰ ਤੱਕਕੇ
ਸੱਪ ਨੇ ਛਤਰੀ ਤਾਣੀ।
ਇਹ ਕੋਈ ਹੈ ਰੂਪ-ਰੱਬ ਦਾ
ਹਰ ਕੋਈ ਕਹੇ ਕਹਾਣੀ।
ਆਖੇ ਕੋਈ ਨਾਨਕ ਨੂੰ ਅੱਜ
ਸੱਪ ਨੇ ਸੀ ਡੰਗ ਜਾਣਾ।
ਯਾਦ ਆਵੇ ਨਨਕਾਣਾ।

7

ਬਣ ਵਪਾਰੀ ਬਾਬਾ ਨਾਨਕ
ਚੂਹੜ ਕਾਨੇ ਵੱਲ ਚੱਲਿਆ।

ਮਦਦ ਦੇ ਲਈ ਪਿਤਾ ਕਾਲੂ ਨੇ
ਨਾਲ ਬਾਲੇ ਨੂੰ ਘੱਲਿਆ।
ਵੀਹ ਰੁਪਈਏ ਵਣਜ ਨੂੰ ਦਿੱਤੇ
ਜਾ ਸੱਚਾ ਸੌਦਾ ਕਰਿਆ।
ਲਿਆਕੇ ਰਾਸ਼ਨ ਪਾਣੀ ਉਸ ਨੇ
ਭੁੱਖੇ ਸਾਧਾਂ ਦਾ ਢਿੱਡ ਭਰਿਆ।
ਇਸ ਦੇ ਬਦਲੇ ਪੈ ਗਿਆ
ਅੱਜ ਪਿਉ ਤੋਂ ਥੱਪੜ ਖਾਣਾ।
ਯਾਦ ਆਵੇ ਨਨਕਾਣਾ।

**8**

ਇਕ ਦਿਨ ਕਾਲੂ ਜੀ ਨੇ ਤੱਕਿਆ
ਨਾਨਕ ਬੜਾ ਉਦਾਸ।
ਘੱਲ ਸੁਨੇਹਾ ਵੈਦ ਬੁਲਾਇਆ
ਉਹ ਬੈਠਾ ਨਾਨਕ ਪਾਸ।
ਬੀਮਾਰੀ ਨੂੰ ਉਹ ਬੁੱਝ ਲਵੇਗਾ
ਘਰਦਿਆਂ ਨੂੰ ਸੀ ਆਸ।
ਨਬਜ਼ ਵੀ ਉਹਨੂੰ ਠੀਕ ਹੀ ਲੱਗੀ
ਠੀਕ ਹੀ ਲੱਗੇ ਸਵਾਸ।
ਭੋਲਿਆ ਵੈਦਾ ਤੂੰ ਕੀ ਜਾਣੇ
ਇਹ ਸਾਡਾ ਦਰਦ ਪੁਰਾਣਾ
ਯਾਦ ਆਵੇ ਨਨਕਾਣਾ।

**9**

ਤਲਵੰਡੀ ਦੇ ਮੀਰ ਬਦਰ ਦਾ
ਇਕ ਸੀ ਪੁੱਤ ਮਰਦਾਨਾ।
ਮਿੱਠੀ ਬੜੀ ਆਵਾਜ਼ ਸੀ ਉਹਦੀ
ਜਦ ਗੌਂਦਾ ਸੀ ਉਹ ਗਾਣਾ।
ਬਾਬੇ ਆਖਿਆ ਭਾਈ ਮਰਦਾਨੇ
ਤੂੰ ਰੱਬੀ ਰਬਾਬ ਬਜਾਣਾ।



ਛੋਹ ਮਿਲੀ ਉਹਨੂੰ ਜਦ ਪ੍ਰੀਤਮ ਦੀ
ਬਣ ਗਿਆ ਮਾਣ ਨਿਮਾਣਾ।
ਤੈਂਡੀ ਬੰਦਿਸ਼ ਮੈਂ ਕੋਈ ਨਾ ਡਿੱਠਾ
ਤੂੰ ਨਾਨਕ ਮੰਨ ਭਾਣਾ।
ਯਾਦ ਆਵੇ ਨਨਕਾਣਾ।

**10**

ਨਾਲ ਸੁਲੱਖਣੀ ਸੱਚੇ ਸਤਿਗੁਰ,
ਆਨੰਦ ਕਾਰਜ ਰਚਾਇਆ।
ਮੋਦੀ ਖਾਨਾ ਖੋਲ੍ਹਣ ਖਾਤਿਰ
ਸੁਲਤਾਨਪੁਰੇ ਵਿਚ ਆਇਆ।
ਉਨ੍ਹਾਂ ਦੇ ਘਰ ਦੋ ਪੁੱਤਰ ਜੰਮੇ
ਸਭ ਨੇ ਸ਼ਗਨ ਮਨਾਇਆ।
ਲਖਮੀ ਚੰਦ ਤੇ ਸ੍ਰੀ ਚੰਦ
ਉਨ੍ਹਾਂ ਦਾ ਨਾਮ ਰਖਾਇਆ।
ਭੈਣ ਨਾਨਕੀ ਆਖਿਆ ਹੁਣ ਤੂੰ
ਘਰ ਦਾ ਕੰਮ ਚਲਾਣਾ।
ਯਾਦ ਆਵੇ ਨਨਕਾਣਾ।

**11**

ਮੋਦੀਖਾਨੇ ਜਦ ਉਹ ਬੈਠਾ,
ਤੇਰਾ ਤੇਰਾ ਬੋਲੇ।
ਛਾਬੇ ਭਰ ਭਰ ਦਾਣੇ ਵੰਡੇ
ਉਹ ਜਦ ਭੀ ਤੱਕੜੀ ਤੋਲੇ।
ਮੁੱਕ ਜਾਵੇ ਜਦ ਪਹਿਲੀ ਬੋਰੀ
ਦੂਜੀ ਦਾ ਮੂੰਹ ਖੋਲੇ।
ਕਿਸੇ ਨੇ ਜਾ ਸ਼ਿਕਾਇਤ ਕੀਤੀ
ਨਵਾਬ ਸਾਹਿਬ ਦੇ ਕੋਲੇ।
ਹੋਇਆ ਹਿਸਾਬ ਕਿਤਾਬ ਤਾਂ

ਸਭ ਕੁਛ ਹੋਇਆ ਪੂਰਾ
ਕੀਤਾ ਚੋਜ ਵਿਡਾਣਾ।
ਯਾਦ ਆਵੇ ਨਨਕਾਣਾ।

**12**

ਛੱਡ ਨੌਕਰੀ ਨਵਾਬ ਦੀ ਬਾਬੇ,
ਨੇਹ ਸੀ ਰੱਬ ਨਾਲ ਲਾਇਆ।
ਇਕ ਦਿਨ ਨ੍ਹੌਣ ਗਿਆ ਵੇਈਂ ਤੇ
ਮੁੜ ਕੇ ਘਰ ਨਾ ਆਇਆ।
ਤਿੰਨ ਦਿਨਾਂ ਦੇ ਮਗਰੋਂ ਸਤਿਗੁਰ
ਬਾਹਰ ਨਦੀ 'ਚੋਂ ਆਇਆ।
"ਨਾ ਹਿੰਦੂ ਨਾ ਮੁਸਲਮਾਨ ਦਾ"
ਉਸ ਨੇ ਹੋਕਾ ਲਾਇਆ।
ਭੈਣ ਨਾਨਕੀ ਨੂੰ ਪਤਾ ਸੀ
ਵੀਰ ਮੇਰੇ ਮੁੜ ਆਣਾ।
ਯਾਦ ਆਵੇ ਨਨਕਾਣਾ।

**13**

ਨਵਾਬ ਅਤੇ ਕਾਜ਼ੀ ਨਾਲ ਰਲ ਕੇ
ਹੋਇਆ ਨਮਾਜ਼ ਲਈ ਰਾਜ਼ੀ।
ਨਮਾਜ਼ ਪੜ੍ਹਦਿਆਂ ਕਾਜ਼ੀ ਸੋਚੇ
ਘਰ ਸੂਈ ਘੋੜੀ ਤਾਜ਼ੀ
ਨਵਾਬ ਇਨ੍ਹਾਂ ਖਿਆਲਾਂ ਅੰਦਰ
ਖਰੀਦਦਾ ਘੋੜੇ ਨਾ ਰੱਜੇ।
ਕਾਜ਼ੀ ਘਰ ਬਛੇਰੀ ਸਾਂਭਣ
ਮਨ ਦੇ ਅੰਦਰ ਭੱਜੇ।
ਬਾਬਾ ਕਹਿੰਦਾ ਇਸ ਨਮਾਜ਼ ਨੇ
ਅੱਲ੍ਹਾ ਤੱਕ ਨਹੀਂ ਜਾਣਾ।
ਯਾਦ ਆਵੇ ਨਨਕਾਣਾ।



**14**

ਮਾਤਾ ਸੁਲੱਖਣੀ ਆਖੇ ਸਾਈਂ,
ਕੌਣ ਬੱਚਿਆਂ ਨੂੰ ਪਾਲੂ।
ਬਾਬਾ ਕਹੇ ਰੱਖ ਰੱਬ ਤੇ ਡੋਰਾ,
ਉਹ ਹੈ ਬੜਾ ਦਿਆਲੂ।
ਮਰਦਾਨੇ ਨੂੰ ਲੈਕੇ ਤੁਰ ਪਏ,
ਉੱਥੋਂ ਕਰਨ ਉਦਾਸੀ।
ਕੋਈ ਕਹੇ ਉਹ ਸਾਧ ਹੋ ਗਿਆ,
ਕੋਈ ਕਹੇ ਸੰਨਿਆਸੀ।
ਸਿਰ ਤੇ ਟੋਪੀ ਪੈਰ ਖੜ੍ਹਾਵਾਂ,
ਪਾ ਫਕੀਰੀ ਬਾਣਾ।
ਯਾਦ ਆਵੇ ਨਨਕਾਣਾ।

**15**

ਐਮਨਾਬਾਦ ਵਿਚ ਸਤਿਗੁਰ ਨਾਨਕ,
ਲਾਲੋ ਦੇ ਘਰ ਆਇਆ।
ਕੋਧਰੇ ਦੀ ਰੋਟੀ ਦੇ ਵਿਚੋਂ,
ਸੁਆਦ ਦੁੱਧ ਦਾ ਆਇਆ।
ਉੱਥੋਂ ਦੇ ਇਕ ਮਲਕ ਭਾਗੋ ਨੇ
ਬ੍ਰਹਮ ਭੋਜ ਰਚਾਇਆ।
ਕਈ ਵਾਰ ਸੱਦਣ ਤੇ ਵੀ
ਨਾਨਕ ਖਾਣ ਨਾ ਆਇਆ।
ਕਹਿੰਦਾ ਭਾਗੋ ਨੂੰ ਪੂੜੇ ਤੇਰੇ,
ਲਹੂ ਭਿੱਜਾ ਇਹ ਖਾਣਾ।
ਯਾਦ ਆਵੇ ਨਨਕਾਣਾ।

**16**

ਜਦ ਹਰਦਵਾਰ 'ਚ ਪੁੱਜੇ
ਲੋਕੀਂ ਸੂਰਜ ਜਲ ਚੜ੍ਹੌਂਦੇ।

ਕਹਿੰਦੇ ਆਪਣੇ ਪਿਤਰਾਂ ਤਾਈਂ
ਅਸੀਂ ਪਾਣੀ ਹਾਂ ਪਹੁੰਚੌਂਦੇ।
ਬਾਬਾ ਨਾਨਕ ਲਹਿੰਦੇ ਦੇ ਵਲ,
ਭਰ ਭਰ ਬੁੱਕਾਂ ਪੌਂਦੇ।
ਤੱਕਕੇ ਉਹਦੇ ਪੁੱਠੇ ਚਾਲੇ,
ਪੰਡਿਤ ਸਭ ਮੁਸਕੌਂਦੇ।
ਕਿਹਾ ਗੁਰਾਂ ਨੇ ਪਾਣੀ ਤੁਹਾਡਾ,
ਪਿਤਰਾਂ ਤਕ ਨਹੀਂ ਜਾਣਾ।
ਯਾਦ ਆਵੇ ਨਨਕਾਣਾ।

**17**

ਕੌਡੇ ਰਾਕਸ਼ ਵਰਗੇ ਗੁਰਾਂ ਨੇ
ਆਪਣੀ ਛੋਹ ਨਾਲ ਤਾਰੇ।
ਤਪਦੇ ਹੋਏ ਕੜਾਹੇ ਉਹਦੇ
ਪਲਾਂ ਦੇ ਅੰਦਰ ਠਾਰੇ।
ਸੱਜਣ ਠੱਗ ਜਿਹੇ ਠੱਗਾਂ ਨੂੰ,
ਨਾਲ ਪਿਆਰ ਦੇ ਠੱਗਿਆ।
ਜਦੋਂ ਉਹਦੀ ਕੋਈ ਪੇਸ਼ ਨਾ ਚੱਲੀ,
ਢਹਿ ਚਰਨਾਂ ਤੇ ਲੱਗਿਆ।
ਤੇਰੇ ਚੰਗੇ ਮੰਦੇ ਕਰਮਾਂ,
ਸੱਜਣਾ ਨਾਲ ਹੈ ਜਾਣਾ।
ਯਾਦ ਆਵੇ ਨਨਕਾਣਾ

**18**

ਗੋਰਖ ਮਤੇ ਜਦੋਂ ਉਹ ਪੁੱਜੇ,
ਮਰਦਾਨਾ ਭੁੱਖਾ ਦੌੜੇ।
ਦੇ ਦੇ ਕੇ ਧਰਵਾਸਾਂ ਉਸਨੂੰ,
ਬਾਬਾ ਨਾਨਕ ਮੋੜੇ।
ਲੱਗਦਾ ਸੀ ਉਹ ਭੁੱਖਣ ਭਾਣਾ,



ਖਾ ਜਾਵੇਗਾ ਰੋੜੇ।
ਬਾਬੇ ਆਖਿਆ ਭਾਈ ਮਰਦਾਨੇ,
ਖਾ ਲੈ ਰੀਠੇ ਕੌੜੇ।
ਕੀ ਪਤਾ ਸੀ ਕੌੜੇ ਰੀਠਿਆਂ,
ਸ਼ਹਿਦ ਵਾਂਗੂੰ ਹੋ ਜਾਣਾ।
ਯਾਦ ਆਵੇ ਨਨਕਾਣਾ।

**19**

ਜਗਨਨਾਥ ਪੁਰੀ ਦੇ ਅੰਦਰ,
ਸਤਿਗੁਰ ਨਾਨਕ ਆਇਆ।
ਕਰਨ ਆਰਤੀ ਪੰਡਿਤ ਲੱਗੇ,
ਉਨ੍ਹਾਂ ਦੀਵਾ ਥਾਲ ਟਿਕਾਇਆ।
ਕਿਸੇ ਪੁਜਾਰੀ ਪੱਥਰਾਂ ਉੱਤੇ,
ਢੇਰ ਫੁੱਲਾਂ ਦਾ ਲਾਇਆ।
ਇਨ੍ਹਾਂ ਨਾਲ ਨਹੀਂ ਹੋਣੀ ਪੂਜਾ,
ਬਾਬੇ ਇੰਜ ਸਮਝਾਇਆ।
ਚੰਦ ਸੂਰਜ ਨੇ ਉਹਦੇ ਦੀਵੇ,
ਨਹੀਂ ਥਾਲ 'ਚ ਇਨ੍ਹਾਂ ਸਮਾਣਾ।
ਯਾਦ ਆਵੇ ਨਨਕਾਣਾ।

**20**

ਘੁੰਮਦੇ ਘੁੰਮਦੇ ਬਾਬਾ ਨਾਨਕ,
ਪਹੁੰਚੇ ਬੰਗਲਾ ਦੇਸ਼।
ਟੂਣੇ ਹਾਰੀਆਂ ਔਰਤਾਂ ਉੱਥੇ,
ਖੁੱਲ੍ਹੇ ਰਖਦੀਆਂ ਕੇਸ।
ਸ਼ਹਿਰ ਗਏ ਮਰਦਾਨੇ ਨੂੰ,
ਨੂਰਾਂ ਨੇ ਭੇਡ ਬਣਾਇਆ।
ਅਰਜ਼ ਸੁਣ ਮਰਦਾਨੇ ਦੀ,
ਤਾਂ ਸਤਿਗੁਰ ਉੱਥੇ ਆਇਆ।

ਬਾਬਾ ਬੋਲੇ ਨਾਮ ਦੇ ਅੱਗੋ,
ਜਾਦੂ ਨਹੀਂ ਕੰਮ ਆਣਾ।
ਯਾਦ ਆਵੇ ਨਨਕਾਣਾ।

**21**

ਸਿੱਧਾਂ ਨੂੰ ਸਮਝਾਵਣ ਖਾਤਿਰ,
ਵਿਚ ਪਹਾੜਾਂ ਆਇਆ।
ਮਾਨ ਸਰੋਵਰ ਝੀਲ ਦੇ ਕੰਢੇ,
ਜੋਗੀਆਂ ਡੇਰਾ ਲਾਇਆ।
ਕਹਿੰਦੇ ਅਸੀਂ ਹੈ ਰੱਬ ਨੂੰ ਮਿਲਣਾ,
ਛੱਡ ਦਿੱਤੀ ਹੈ ਮਾਇਆ।
ਗ੍ਰਹਿਸਤੀਆਂ ਦੇ ਘਰ ਰੱਬ ਹੈ ਰਹਿੰਦਾ,
ਨਾਨਕ ਨੇ ਸਮਝਾਇਆ।
ਇਹ ਨਹੀਂ ਗੱਲ ਸਿਆਣੀ ਸਿੱਧੋ,
ਦੁਨੀਆ ਨੂੰ ਛੱਡ ਆਣਾ।
ਯਾਦ ਆਵੇ ਨਨਕਾਣਾ।

**22**

ਪੈਰ ਕਾਹਬੇ ਦੇ ਵੱਲ ਕਰ ਸੁੱਤਾ,
ਮੱਕੇ ਪਾਏ ਫੇਰੇ।
ਕਾਜ਼ੀ ਗੁੱਸੇ ਨਾਲ ਬੋਲਿਆ,
"ਕਿਉਂ ਰੱਬ ਵੱਲ ਪੈਰ ਨੇ ਤੇਰੇ?"
ਬਾਬਾ ਨਾਨਕ ਆਖਿਆ ਰੱਬ ਤਾਂ
ਵਸਦਾ ਚਾਰ ਚੁਫੇਰੇ।
ਜਿਧਰ ਤੇਰਾ ਅੱਲ੍ਹਾ ਨਹੀਂ ਹੈ,
ਤੂੰ ਪੈਰ ਘੁਮਾ ਦੇ ਮੇਰੇ।
ਸੁਣਕੇ ਗੱਲ ਬਾਬੇ ਨਾਨਕ ਦੀ
ਆਏ ਕਾਜ਼ੀ ਦੇ ਹੋਸ਼ ਟਿਕਾਣੇ।
ਯਾਦ ਆਵੇ ਨਨਕਾਣਾ।



**23**

ਬਗਦਾਦ ਦੇ ਅੰਦਰ ਇਕ ਜਗ੍ਹਾ ਤੇ,
ਉੱਚੀ ਨਮਾਜ਼ ਗੁਜ਼ਾਰੀ।
ਸੁਣੀ ਆਵਾਜ਼ ਜਦ ਖਲਕਤ ਨੇ,
ਖਿੜ ਉੱਠੀ ਨਗਰੀ ਸਾਰੀ।
ਕਹਿਣ ਇਕੱਠੇ ਹੋ ਕੇ ਸਾਰੇ,
ਇਹ ਨਾਨਕ ਪੀਰ ਹੈ ਆਇਆ।
ਇਕ ਨੂਰ ਤੋਂ ਸਭ ਜਗ ਉਪਜਿਆ,
ਬਾਬੇ ਆਖ ਸੁਣਾਇਆ।
ਤੇਰ ਮੇਰ ਦਾ ਭੇਦ ਕਦੀ ਨਾ,
ਆਪਸ ਦੇ ਵਿਚ ਪਾਣਾ।
ਯਾਦ ਆਵੇ ਨਨਕਾਣਾ।

**24**

ਹਸਨ ਅਬਦਾਲ ਦੇ ਵਿਚ ਉਨ੍ਹਾਂ ਨੂੰ,
ਮਿਲਿਆ ਵਲੀ ਕੰਧਾਰੀ।
ਨਾਂ ਭਾਵੇਂ ਅੱਲ੍ਹਾ ਦਾ ਜਪਦਾ,
ਪਰ ਸੀ ਬੜਾ ਹੰਕਾਰੀ।
ਮਰਦਾਨੇ ਨੂੰ ਉਸ ਪਾਣੀ ਨਾ ਦਿੱਤਾ,
ਮੰਗਿਆ ਬਹੁਤ ਸੀ ਵਾਰੀ।
ਸਗੋਂ ਜਿਉਂਦਿਆਂ ਮਾਰਨ ਦੇ ਲਈ
ਇਕ ਸੁੱਟਿਆ ਪੱਥਰ ਭਾਰੀ।
ਕੀ ਪਤਾ ਸੀ ਪੱਥਰ ਨੂੰ,
ਗੁਰਾਂ ਪੰਜੇ ਨਾਲ ਅਟਕਾਣਾ।
ਯਾਦ ਆਵੇ ਨਨਕਾਣਾ।

**25**

ਲਾਹੌਰ ਸ਼ਹਿਰ ਵਿਚ ਦੁਨੀ ਚੰਦ ਨੇ,
ਆਪਣਾ ਮਹਿਲ ਦਿਖਾਇਆ।

ਕੀ ਮਤਲਬ ਹੈ ਇਨ੍ਹਾਂ ਝੰਡੀਆਂ ਦਾ,
ਉਸ ਨਾਨਕ ਨੂੰ ਸਮਝਾਇਆ।
ਬਾਬਾ ਆਖੇ ਫੇਰ ਮਿਲਾਂਗੇ,
ਉਸ ਰੱਬ ਦੀ ਦਰਗਾਹੇ।
ਇਹ ਮੇਰੀ ਸੂਈ ਲੈ ਆਈਂ,
ਜਦ ਆਇਆ ਉਸ ਰਾਹੇ।
ਅਕਲ ਉਹਦੀ ਤੇ ਪਰਦਾ ਹਟਿਆ
ਇਸ ਮਾਇਆ ਸਾਥ ਨਾ ਜਾਣੀ।
ਯਾਦ ਆਵੇ ਨਨਕਾਣਾ।

**26**

ਐਮਨਾਬਾਦ ਦੇ ਵਿਚ ਉਨ੍ਹਾਂ ਨੇ,
ਬਾਬਰ ਦੀ ਅੱਤ ਤੱਕੀ।
ਬਾਬਰ ਨੂੰ ਉਨ੍ਹਾਂ ਜਾਬਰ ਆਖਿਆ,
ਪੀਸਣੀ ਪੈ ਗਈ ਚੱਕੀ।
ਰੋਂਦੀ ਤੱਕ ਕੇ ਸਭ ਲੋਕਾਈ,
ਉਸ ਰੱਬ ਨੂੰ ਆਖ ਸੁਣਾਇਆ।
"ਏਤੀ ਮਾਰ ਪਈ ਕੁਰਲਾਣੇ,
ਤੈਂ ਕੀ ਦਰਦੁ ਨਾ ਆਇਆ"।
ਧੁਨ ਦੇ ਉਨ੍ਹਾਂ ਸੋਹਲੇ ਗਾਏ,
ਮੰਨ ਲਈਂ ਲਾਲੋ ਭਾਣਾ।
ਯਾਦ ਆਵੇ ਨਨਕਾਣਾ।

**27**

ਇਕ ਦਿਨ ਬੈਠੀ ਬੇਬੇ ਨਾਨਕੀ,
ਰੋਟੀਆਂ ਪਈ ਪਕਾਵੇ।
ਦੇਖਕੇ ਫੁੱਲੀ ਇਕ ਸੋਹਣੀ ਰੋਟੀ,
ਵੀਰ ਦੀ ਯਾਦ ਸਤਾਵੇ।
ਰੱਬ ਕਰੇ ਅੱਜ ਮੇਰਾ ਵੀਰਾ,



ਕਿੱਧਰੋਂ ਚਲਕੇ ਆਵੇ।
ਆਪਣੇ ਹੱਥੀਂ ਪੱਖੀ ਝੱਲਾਂ,
ਵੀਰ ਜੇ ਰੋਟੀ ਖਾਵੇ।
ਪਤਾ ਨਹੀਂ ਉਸ ਭੋਲੀ ਨੂੰ,
ਯਾਦ ਕੀਤਿਆਂ ਵੀਰ ਹੈ ਆਣਾ।
ਯਾਦ ਆਵੇ ਨਨਕਾਣਾ।

**28**

ਘੁੰਮ ਘੁੰਮਾਕੇ ਸਾਰੀ ਦੁਨੀਆ
ਰਾਵੀ ਕੰਢੇ ਸ਼ਹਿਰ ਵਸਾਇਆ।
ਕਿਰਤ ਕਰੋ ਤੇ ਨਾਮ ਜਪੋ,
ਤੇ ਵੰਡ ਛੱਕਣਾ ਸਮਝਾਇਆ।
ਇਕ ਦਿਨ ਚਲ ਖਡੂਰ ਦਾ ਵਾਸੀ,
ਭਾਈ ਲਹਿਣਾ ਜੀ ਆਇਆ।
ਲਾਇਆ ਉਹਨੂੰ ਜਦ ਹਿਕ ਨਾਲ ਆਪਣੀ,
ਉਹ 'ਅੰਗਦ' ਕਹਿਲਾਇਆ।
ਮੱਥਾ ਟੇਕ ਉਸ ਕਿਹਾ ਸਿੱਖਾਂ ਨੂੰ,
'ਅੰਗਦ' ਦੇ ਲੜ ਲਾਣਾ।
ਯਾਦੋਂ ਆਵੇ ਨਨਕਾਣਾ।

**29**

ਸੱਤਰ ਸਾਲ ਦੀ ਉਮਰ ਭੋਗ ਕੇ,
ਕਰ ਲਈ ਅਖੀਰ ਤਿਆਰੀ।
ਕਲਜੁਗ ਤਾਰਕੇ ਤੁਰ ਚਲਿਆ ਹੈ,
ਅੱਜ ਨਾਨਕ ਅਵਤਾਰੀ।
ਹਿੰਦੂ ਮੁਸਲਮਾਨ ਇਕੱਠੇ,
ਹੋ ਕੇ ਆ ਗਏ ਸਾਰੇ।
ਇਸ ਬਾਬੇ ਤੇ ਹੱਕ ਹੈ ਸਾਡਾ,
ਸਮਝਣ ਕੀ ਬੇਚਾਰੇ।

ਕੋਈ ਕਹੇ ਸੰਸਕਾਰ ਹੈ ਕਰਨਾ,
ਕੋਈ ਕਹੇ ਦਫਨਾਣਾ।
ਯਾਦ ਆਵੇ ਨਨਕਾਣਾ।

**30**

ਚਾਦਰ ਚੁੱਕੀ ਤਾਂ ਕੁਛ ਨਾ ਮਿਲਿਆ,
ਹੋ ਗਏ ਸਭ ਉਦਾਸੇ।
ਉਹਦੀਆਂ ਕਰਨੀਆਂ ਉਹ ਹੀ ਜਾਣੇ,
ਵਸਦਾ ਹੈ ਹਰ ਪਾਸੇ।
ਦੁਨੀਆਂ ਦੇ ਸਭ ਧਰਮਾਂ ਦੇ ਨਾਲ,
ਸੀ ਉਹਦਾ ਬੜਾ ਪਿਆਰ।
ਜਿੱਧਰ ਦੇਖੋ ਨਜ਼ਰੀ ਔਂਦਾ,
ਇਕੋ ਇਕ ਓਂਕਾਰ।
ਦੁਖੀ ਹਿਰਦਿਆਂ ਨਾਲੋਂ ਸਭ ਨੇ,
ਮੰਨ ਲਿਆ ਉਹਦਾ ਭਾਣਾ।
ਯਾਦ ਆਵੇ ਨਨਕਾਣਾ।

**31**

ਤੇਰੇ ਪਿੱਛੋਂ ਕੀ ਦੱਸਾਂ,
ਬਾਬਾ ਜੋ ਹੋਏ ਕਾਰੇ।
ਕਿੰਨੇ ਦੁਖਾਂ ਵਿਚੋਂ ਲੰਘੇ,
ਤੇਰੇ ਸਿੱਖ ਪਿਆਰੇ।
ਇਕ ਨਰੈਣੇ ਤੇਰੇ ਵੇਹੜੇ,
ਕਈ ਸਿੱਖ ਸੀ ਮਾਰੇ।
ਗੋਲੀਆਂ ਦੇ ਨਾਲ ਭੁੰਨ ਦਿੱਤੇ,
ਮਾਵਾਂ ਦੇ ਪੁੱਤ ਪਿਆਰੇ।
ਕੀ ਪਤਾ ਉਸ ਨਾਲ ਜੰਡ ਦੇ,
ਲਛਮਣ ਸਿੰਘ ਲਟਕਾਣਾ।
ਯਾਦ ਆਵੇ ਨਨਕਾਣਾ।



**32**

ਜਲ੍ਹਿਆਂ ਵਾਲੇ ਬਾਗ ਦੇ ਅੰਦਰ,
ਸਿੱਖਾਂ ਖਾਧੀ ਗੋਲੀ।
ਮੋਰਚੇ ਜੈਤੋ ਦੇ ਵਿਚ ਵੀ,
ਖੇਡੀ ਖ਼ੂਨ ਦੀ ਹੋਲੀ।
ਬਾਗ ਗੁਰਾਂ ਦੇ ਅੰਦਰ ਵੀ,
ਕਈ ਦੁਖ ਪੁਆਏ ਝੋਲੀ।
ਗੱਡੀ ਲੰਘਦੀ ਪੰਜਾ ਸਾਹਿਬ ਤੋਂ
ਚੀਕਾਂ ਮਾਰਦੀ ਬੋਲੀ।
ਇਨ੍ਹਾਂ ਸਿਦਕੀ ਸਿੰਘਾਂ ਦੇ ਉੱਤੋਂ,
ਨਹੀਂ ਮੈਥੋਂ ਲੰਘਿਆ ਜਾਣਾ ਹੋਲੀ।
ਯਾਦ ਆਵੇ ਨਨਕਾਣਾ।

**33**

ਘਰ ਘਾਟ ਕਈਆਂ ਦੇ ਉਜੜੇ,
ਲੱਖਾਂ ਦਰਦ ਹੰਢਾਇਆ।
ਤੇਰੇ ਘਰ ਨੂੰ ਛੱਡਕੇ ਬਾਬਾ,
ਘਰ ਅਸਾਂ ਨਵਾਂ ਵਸਾਇਆ।
ਛੱਡਕੇ ਤੇਰਾ ਡੇਰਾ ਬਾਬਾ,
ਡੇਰਾ ਨਵਾਂ ਬਣਾਇਆ।
ਉੱਥੇ ਵੀ ਕੋਈ ਜੀਣ ਨਾ ਦਿੰਦਾ
ਲਗਦਾ ਸਭ ਪਰਾਇਆ।
ਪਤਾ ਨਹੀਂ ਸੀ ਆਪਣਿਆਂ ਨੇ,
ਤੇਰਾ ਹੀ ਘਰ ਢਾਣਾ।
ਯਾਦ ਆਵੇ ਨਨਕਾਣਾ

**34**

ਕੋੜੇ ਰਾਕਸ਼ ਬਣਕੇ ਬੰਦੇ,
ਅੱਗਾਂ ਲਾ ਲਾ ਸਾੜਣ।

ਲੱਖਾਂ ਦਰੋਪਦੀਆਂ ਦੇ ਚੀਰੇ,
ਵਿਚ ਬਾਜ਼ਾਰੀਂ ਪਾੜਨ।
ਰਾਜੇ ਸ਼ੀਂਹ ਮੁਕੱਦਮ ਕੁੱਤੇ,
ਮਜ਼ਲੂਮਾਂ ਨੂੰ ਮਾਰਨ।
ਬਾਬਰ ਤੋਂ ਵੀ ਜਾਬਰ ਬਣ ਕੇ,
ਸੂਲੀਆਂ ਉੱਤੇ ਚਾੜ੍ਹਨ।
ਪਤਾ ਨਹੀਂ ਕਦ 'ਭੱਜੀ' ਦੇ ਭਾਗੀਂ,
ਦਰ ਤੇਰੇ ਤੇ ਆਣਾ।
ਯਾਦ ਆਵੇ ਨਨਕਾਣਾ।

## ਨਾਨਕ ਨਾਮ ਚੜ੍ਹਦੀ ਕਲਾ

ਪੰਜਾਬ 'ਚੋਂ ਇਕ ਆਵਾਜ਼ ਸੀ ਉੱਠੀ,
ਦਿੱਤੇ ਉਸ ਨੇ ਲੋਕ ਜਗਾ।
ਭੁੱਲੇ ਭੱਟਕੇ ਲੋਕੀਂ ਸਾਰੇ,
ਦਿੱਤੇ ਧਰਮ ਦੀ ਰਾਹ ਲਗਾ।
ਸਭ ਅਵਤਾਰਾਂ ਨਾਲੋਂ ਸੀ ਵੱਖਰਾ,
ਉਹ ਦੇ ਵਿਚ ਸਨ ਸਾਰੀਆਂ ਕਲਾ।
ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬਤ ਦਾ ਭਲਾ।

ਰੱਬ ਦਾ ਤੁਸਾਂ ਨੇ ਨਾਮ ਹੈ ਜਪਣਾ,
ਕਿਰਤ ਹੱਥਾਂ ਦੇ ਨਾਲ ਹੈ ਕਰਨਾ।
ਖੁਦ ਖਾਣੇ ਨੂੰ ਖਾਣ ਤੋਂ ਪਹਿਲਾਂ,
ਕਿਸੇ ਭੁੱਖੇ ਦਾ ਢਿੱਡ ਹੈ ਭਰਨਾ।

ਦੁਨੀਆ ਦਾ ਸਫਰ ਹੈ ਕਰਨਾ,
ਇਕ ਦੂਏ ਨੂੰ ਨਾਲ ਰਲਾ।
ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬਤ ਦਾ ਭਲਾ।

ਮਿੱਠੀ ਆਵਾਜ਼ ਵਿਚ ਜਦ ਉਹ ਗੌਂਦਾ,
ਭੁੱਲ ਜਾਂਦਾ ਕੋਇਲਾਂ ਨੂੰ ਗੌਣਾ।
ਦੇਖ ਕੇ ਉਹਦੇ ਚਰਨ ਕੰਵਲਾਂ ਨੂੰ,
ਭੁੱਲ ਜਾਂਦੇ ਭੌਰੇ ਮੰਡਰੌਣਾ।

ਮਰਦਾਨੇ ਦੀ ਰਬਾਬ ਨਾਲ ਹੋ ਜਾਂਦਾ,
ਇਕਮਿਕ ਉਹਦਾ ਮਧੁਰ ਗਲਾ।
ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬਤ ਦਾ ਭਲਾ।

ਉਹਦੀ ਦਸਵੀਂ ਜੋਤ ਨੇ ਕਰ ਦਿੱਤੇ,
ਵਰਣ ਇਕੱਠੇ ਚਾਰੇ।
ਇਕ ਸਿੱਖ ਦੇ ਵਿਚ ਪਾ ਦਿੱਤੇ,
ਗੁਣ ਉਨ੍ਹਾਂ ਨੇ ਸਾਰੇ।

ਫਿਰ ਦਾਤ ਉਹ ਮੰਗੇ,
ਗਲ ਵਿਚ ਪਾ ਕੇ ਪੱਲਾ।
ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬਤ ਦਾ ਭਲਾ।

ਰੱਬ ਬਣਾਈ ਸੀ ਇਕ ਧਰਤੀ,
ਅਸੀਂ ਵੱਖੋ-ਵੱਖਰੇ ਦੇਸ ਬਣਾ ਲਏ।
ਰੱਬ ਬਣਾਇਆ ਸੀ ਇਕ ਬੰਦਾ,
ਅਸੀਂ ਵੱਖੋ-ਵੱਖਰੇ ਭੇਸ ਬਣਾ ਲਏ।

ਅੱਜ ਹੱਦਾਂ ਦੀ ਰਾਖੀ ਕਰਦਾ,
ਥਾਂ-ਥਾਂ ਉੱਤੇ ਬੰਦਾ ਖਲਾ।
ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬਤ ਦਾ ਭਲਾ।



ਨਾ ਕੋਈ ਹਿੰਦੂ ਹੈ ਇਸ ਜੱਗ ਤੇ,
ਨਾ ਕੋਈ ਮੁਸਲਮਾਨ।
ਰੰਗ ਭਾਵੇਂ ਸਭ ਵੱਖੋ-ਵੱਖਰੇ,
ਆਖਿਰ ਤਾਂ ਹਨ ਸਭ ਇਨਸਾਨ।

ਪਰ ਧਰਮਾਂ ਦੇ ਅਸੀਂ ਲਾਕੇ ਖੋਪੇ,
ਬੰਦੇ ਨੂੰ ਬੰਦਾ ਰਿਹਾ ਜਲਾ।
ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬਤ ਦਾ ਭਲਾ।

ਨਾ ਕੋਈ ਵੱਡਾ ਨਾ ਕੋਈ ਛੋਟਾ,
ਸਭ ਹੀ ਹਨ ਮਾਨਸ ਦੀ ਜਾਤ।
ਪਰ ਸਾਨੂੰ ਹੰਕਾਰ ਹੈ ਐਨਾ,
ਪੁੱਛਦੇ ਨਹੀਂ ਅਸੀਂ ਦੂਏ ਦੀ ਬਾਤ।

ਅਸੀਂ ਆਪਣੇ ਹੱਥੀਂ ਹੀ ਹੈ ਪਾਈ,
"ਮੈਂ" ਆਪਣੀ ਦੀ ਆਪ ਬਲਾ।
ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬਤ ਦਾ ਭਲਾ।

ਇਨਸਾਨੀਅਤ ਹੀ ਧਰਮ ਹੈ ਸਭਦਾ,
ਕੋਈ ਇਸ ਤੋਂ ਵੱਡਾ ਧਰਮ ਨਹੀਂ।
ਕੋਈ ਨਹੀਂ ਹੋ ਸਕਦਾ ਧਰਮੀ,
ਜੇ ਏਥੇ ਚੰਗੇ ਉਹਦੇ ਕਰਮ ਨਹੀਂ।

ਥਾਂ-ਥਾਂ ਬੰਦਾ ਜੰਗ ਹੈ ਕਰਦਾ,
ਧਰਮ ਦੇ ਨਾਂ ਤੇ ਹੋ ਕੇ ਝੱਲਾ।
ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬਤ ਦਾ ਭਲਾ।

ਉਹਦੀ ਧਰਤੀ ਉਹਦਾ ਸੂਰਜ,
ਉਹਦੇ ਹੀ ਚੰਦ ਤਾਰੇ।
ਉਹਦੇ ਨੂਰ 'ਚੋਂ ਪੈਦਾ ਹੋਏ,
ਜੀ ਇਸ ਜੱਗ ਦੇ ਸਾਰੇ।

ਫੇਰ ਕਿਹਨੂੰ ਤੁਸੀਂ ਮਾੜਾ ਆਖੋਂ,
ਕੇਹੜਾ ਲੱਗਦਾ ਤੁਹਾਨੂੰ ਭਲਾ।
ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬਤ ਦਾ ਭਲਾ।

ਕਰਤਾ ਪੁਰਖ ਤਾਂ ਬੱਸ ਹੈ ਇੱਕੋ,
ਉਹਦੇ ਵਰਗਾ ਨਹੀਂ ਹੋਰ ਕੋਈ ਦੂਜਾ।
ਭਾਵੇਂ ਢੰਗ ਨੇ ਸਭ ਦੇ ਵਖਰੇ,
ਕਰਦੇ ਹਨ ਸਭ ਉਹਦੀ ਪੂਜਾ।

'ਭੱਜੀ' ਭਰਮਾਂ ਦੇ ਵਿਚ ਅਸੀਂ ਹਾਂ ਪੈ ਗਏ,
ਉਹੀ ਰਾਮ ਹੈ ਉਹੀ ਅੱਲ੍ਹਾ।
ਨਾਨ਼ਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬਤ ਦਾ ਭਲਾ।



**ਡਾ. ਹਰਭਜਨ ਸਿੰਘ ਭੱਜੀ**

*(ਜਨਮ : 14 ਫਰਵਰੀ, 1945)*

ਡਾ. ਹਰਭਜਨ ਸਿੰਘ ਭੱਜੀ ਦਾ ਜਨਮ ਗੰ
ਨਗਰ (ਰਾਜਸਥਾਨ) ਵਿਚ 1945 ਵਿਚ ਹੋਇਆ
ਮੁਢਲੀ ਵਿਦਿਆ ਉੱਥੇ ਹੀ ਛੋਟੇ ਜਿਹੇ ਪਿੰਡ ਿ
ਪ੍ਰਾਪਤ ਕੀਤੀ।

ਬਚਪਨ ਵਿਚ ਪੰਜਾਬੀ ਆਪਣੀ ਮਾਤਾ ਤੋਂ ਸਿੱ

ਰਾਜਿੰਦਰਾ ਮੈਡੀਕਲ ਕਾਲਜ, ਪਟਿਆਲ
ਐਮ. ਬੀ. ਬੀ. ਐਸ. ਕੀਤੀ ਅਤੇ ਉੱਥੇ ਰਹਿੰਦਿ
ਪੰਜਾਬੀ ਪੁਸਤਕਾਂ ਪੜ੍ਹਨ ਦੀ ਚੇਟਕ ਲੱਗੀ।

ਕੁਝ ਸਮਾਂ ਕੈਨੇਡਾ/ਇੰਗਲੈਂਡ ਰਹਿਣ ਉਪ
ਪਿਛਲੇ 20 ਸਾਲਾਂ ਤੋਂ ਅਮਰੀਕਾ ਵਿਚ ਹਨ।
ਸਮੇਂ ਦੌਰਾਨ ਉਨ੍ਹਾਂ ਪੰਜਾਬੀ ਸਭਿਆਚਾਰ ਅਤੇ
ਧਰਮ ਦਾ ਅਧਿਐਨ ਕੀਤਾ।

ਪੰਜਾਬ ਵਿਚ 1984 ਦੇ ਬਲਿਊ ਸ
ਅਪਰੇਸ਼ਨ ਨੇ ਕਾਫ਼ੀ ਝੰਜੋੜਿਆ। ਅਖ਼ੀਰ 198
ਕਵਿਤਾ ਲਿਖਣੀ ਸ਼ੁਰੂ ਕੀਤੀ। ਪਹਿਲੀ ਕ
'ਸਿੱਖੀ' ਅਤੇ ਦੂਸਰੀ 'ਮੈਂ ਹਾਂ ਧਰਤ ਪੰਜਾਬ
ਅਮਰੀਕਾ ਦੇ ਅਖ਼ਬਾਰਾਂ 'ਵਰਲਡ ਸਿੱਖ ਨਿਊ
ਛਾਪੀਆਂ ਤੇ ਪੰਜਾਬ ਦੇ ਪ੍ਰਸਿੱਧ ਗਾਇਕ ਜਗਤ
ਜੱਗਾ ਨੇ ਇਹ ਕਵਿਤਾਵਾਂ ਅਮਰੀਕ
ਗੁਰਦੁਆਰਿਆਂ ਵਿਚ ਗਾ ਕੇ ਪੜ੍ਹੀਆਂ ਤੇ ਲੋ
ਬਹੁਤ ਪਸੰਦ ਕੀਤੀਆਂ। ਹੁਣ ਤਕ ਨਿਮਨ ਰਚ
ਪਾਠਕਾਂ ਨੂੰ ਦੇ ਚੁੱਕੇ ਹਨ :

*ਕਾਵਿ ਸੰਗ੍ਰਹਿ* : ਮੈਂ ਹਾਂ ਧਰਤ ਪੰਜਾ
(1993), ਔਰਤ (1996), ਰੱਬ (1999)

*ਕਹਾਣੀ ਸੰਗ੍ਰਹਿ* : ਉਜੜੇ ਲੋਕ (1999)